ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



(Page 104 to 126)

# ਭਾਰਤੀ ਮਿਥਿਹਾਸ ਵਿੱਚ ਕੁਈਰ ਹੋਂਦ ਦੇ ਅੰਸ਼



ਨਵਨੀਤ ਕੌਰ
ਖੋਜਾਰਥੀ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
navneetchouhan@gmail.com

ਕੁਈਰ ਸ਼ਬਦ ਦੀ ਵਰਤੋਂ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਹੋਣ ਲੱਗੀ ਹੈ। ਇਹ ਇਕ ਮਹੱਤਵਪੂਰਨ ਅਤੇ ਵਿਚਾਰ-ਚਰਚਾ ਅਧੀਨ ਵਿਸ਼ਾ ਹੈ। ਪ੍ਰੰਤੂ ਜਿਵੇਂ ਕਿ ਹਰ ਇਕ ਸਿਧਾਂਤ ਅਤੇ ਧਾਰਨਾ ਦੇ ਅੰਸ਼ ਮਨੁੱਖੀ ਵਿਰਾਸਤ ਵਿੱਚ ਹਮੇਸ਼ਾਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੁੰਦੇ ਹਨ। ਸੋ ਇਸ ਦੇ ਅਨੁਸਾਰ ਅਸੀਂ ਭਾਰਤੀ ਮਿਥਿਹਾਸ ਨੂੰ ਅਧਿਐਨ ਹਿੱਤ ਵਰਤੋਂ ਵਿੱਚ ਲਿਆ ਕੇ ਇਸ ਵਿੱਚ ਮੌਜੂਦ ਕੁਈਰ ਅੰਸ਼ਾਂ ਨੂੰ ਵਿਚਾਰਾਂਗੇ ਅਤੇ ਇਸ ਦੇ ਅਧਿਐਨ ਤੋਂ ਪ੍ਰਾਪਤ ਸਿੱਟਿਆਂ ਅਤੇ ਨਤੀਜਿਆਂ ਨੂੰ ਇਸ ਖੋਜ-ਪੱਤਰ ਵਿੱਚ ਪ੍ਰਸਤੁਤ ਕਰਾਂਗੇ। ਭਾਰਤੀ ਮਿਥਿਹਾਸ ਵਿੱਚ ਧਰਮ ਤੇ ਅਧਰਮ, ਵਿਅਕਤੀਗਤ ਕਰਤੱਵਾਂ ਅਤੇ ਸਮੂਹਕ ਜ਼ਿੰਮੇਵਾਰੀਆਂ: ਜਿਸ ਵਿੱਚ ਮੋਹ ਅਤੇ ਤਿਆਗ ਦੇ ਸੰਘਰਸ਼ ਲਗਾਤਾਰ ਮਿਲਦੇ ਹਨ। ਇਹ ਸੰਘਰਸ਼ ਕੁਈਰ ਹੋਂਦ ਦੇ ਕੇਂਦਰੀ ਤੱਤ ਹਨ। ਮਹਾਂਭਾਰਤ ਦੇ ਅਰਜੁਨ, ਰਮਾਇਣ ਦੇ ਰਾਮ ਅਤੇ ਪੁਰਾਣਾਂ ਦੇ ਅਨੇਕਾਂ ਪਾਤਰ ਆਪਣੇ ਧਰਮ ਸੰਕਟਾਂ ਦੇ ਸਾਹਮਣੇ ਖੜੇ ਹਨ। ਮਿੱਥਾਂ ਦੇ ਵਿਸ਼ਲੇਸ਼ਣ ਰਾਹੀਂ ਦੱਸਿਆ ਜਾਵੇਗਾ ਕਿ ਕਿਵੇਂ ਕੁਈਰ ਹੋਂਦ ਸਿਰਫ਼ ਮਿਥਹਾਸਿਕ ਪ੍ਰਤੀਕ ਹੀ ਨਹੀਂ, ਸਗੋਂ ਮਨੁੱਖੀ ਮਨੋਵਿਗਿਆਨ ਅਤੇ ਸਮਾਜਿਕ ਨੈਤਿਕਤਾ ਦਾ ਅਟੁੱਟ ਅੰਗ ਹਨ। ਭਾਰਤ ਵਿੱਚ ਪਛਾਣ ਸਿਰਫ਼ ਸਭਿਆਚਾਰ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਨਸਲ ਤੇ ਧਰਮ ਨਾਲ ਵੀ ਜੁੜੀ ਹੋਈ ਹੈ। ਭਾਰਤੀ ਸਮਾਜਿਕ ਪਛਾਣਾਂ ਪਰੰਪਰਾ, ਆਧੁਨਿਕਤਾ, ਉਪਨਿਵੇਸ਼ਵਾਦ ਅਤੇ ਵਿਸ਼ਵੀਕਰਨ ਆਦਿ ਦੇ ਪ੍ਰਭਾਵਾਂ ਨਾਲ ਬਣੀਆਂ ਹਨ। ਜੋ ਕਈ ਵਾਰ ਇਕ-ਦੂਜੇ ਨਾਲ ਮਿਲਦੇ ਰਹਿਣ ਦੀ ਬਜਾਏ ਟਕਰਾਅ ਪੈਦਾ ਕਰਦੀਆਂ ਹਨ। ਇਹ ਸਾਹਿਤਿਕ ਸਮੀਖਿਆ ਪ੍ਰਾਚੀਨ ਅਤੇ ਆਧੁਨਿਕ ਦੇ ਵਿੱਚਕਾਰ ਪੁਲ ਬਣਾਉਣ ਦੀ ਕੋਸ਼ਿਸ ਕਰਦੀ ਹੈ, ਇਹ ਸਮਝਣ ਲਈ ਕਿ ਕੁਈਰ ਕਿਵੇਂ ਇਕ ਵੇਲੇ ਸਾਹਿਤ ਤੋਂ ਪਰ੍ਹੇ ਰਿਹਾ ਹੈ ਅਤੇ ਫਿਰ ਮੁੜ ਹੋਰ ਵੀ ਜਟਿਲ ਅਤੇ ਸਖ਼ਤ ਧਾਰਨਾਵਾਂ ਦੇ ਨਾਲ ਉਭਰਿਆ ਹੈ। ਕਿਉਂਕਿ ਹਰ ਇਕ ਸਿਧਾਂਤ ਅਤੇ ਧਾਰਨਾ ਦੇ ਅੰਸ਼ ਮਨੁੱਖੀ ਵਿਰਾਸਤ ਦਾ ਹਮੇਸ਼ਾਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਹਿੱਸਾ ਹੁੰਦੇ ਹਨ ਅਤੇ ਇਹ ਮਨੁੱਖੀ ਸੰਸਕ੍ਰਿਤੀ ਦਾ ਅਟੁੱਟ ਅੰਗ ਹੁੰਦੇ ਹਨ। ਜਿਸ ਕਰਕੇ ਮਨੁੱਖ ਦੇ ਸਭਿਆਚਾਰਕ ਅਤੇ ਸਾਂਸਕ੍ਰਿਤਕ ਮਿਥਿਹਾਸ, ਇਤਿਹਾਸ, ਰਾਜਨੀਤੀ, ਧਰਮ ਅਤੇ ਸਮਾਜ ਦਾ ਇਹ ਹਿੱਸਾ ਰਹਿ ਚੁੱਕੇ ਹੁੰਦੇ ਹਨ। ਇਸ ਕਰਕੇ ਕਿਸੇ ਵੀ ਸਿਧਾਂਤ ਨੂੰ ਚੰਗੀ ਤਰ੍ਹਾਂ ਦੇ ਨਾਲ ਸਮਝਣ ਦੇ ਲਈ ਮਿਥਿਹਾਸਕ ਅਤੇ ਇਤਿਹਾਸਿਕ ਅਧਿਐਨ ਦੀ ਬਹੁਤ ਜ਼ਰੂਰਤ ਹੁੰਦੀ ਹੈ।

ਮਿੱਥ ਮਨੁੱਖੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਅਹਿਮ ਅੰਗ ਹੈ। ਮਨੁੱਖੀ ਵਿਕਾਸ ਦੇ ਹਰ ਇਕ ਪੜਾਅ ਵਿੱਚ ਮਿੱਥ ਹਮੇਸ਼ਾਂ ਹੀ ਸੰਮਲਿਤ ਹੁੰਦੀ ਹੈ। ਇਹ ਹਰ ਇਕ ਮਨੁੱਖੀ ਸਮਾਜਿਕ ਅਨੁਸ਼ਾਸਨ ਦਾ ਹਿੱਸਾ ਹੁੰਦੀ ਹੈ। ਮਨੁੱਖੀ ਚੇਤਨਾ ਦਾ ਵਿਕਾਸ ਬ੍ਰਹਿਮੰਡਕ ਪਾਸਾਰੇ ਦਾ ਇਕ ਅਹਿਮ ਅਤੇ ਕ੍ਰਾਂਤੀਕਾਰੀ ਵਰਤਾਰਾ ਹੈ। ਕਿਸੇ ਵੀ ਮਿੱਥ ਦੀ ਉਤਪਤੀ ਅਤੇ ਵਿਕਾਸ ਇਸੇ ਮਨੁੱਖੀ ਚੇਤਨਾ ਦੀ ਵਿਕਾਸ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ, ਜਿਵੇਂ ਹੀ ਮਨੁੱਖ ਉਸ ਦੇ ਚੁਫੇਰੇ ਦਾ ਗਿਆਨ-ਬੋਧ ਹਾਸਲ ਕਰਦਾ ਹੈ। ਉਸ ਦਾ ਇਹੋ ਤਜਰਬਾ ਇਕ ਤਰ੍ਹਾਂ ਦੇ ਨਾਲ ਮਿੱਥਾਂ ਦਾ ਰੂਪ ਧਾਰਨ ਕਰਦਾ ਜਾਂਦਾ ਹੈ। ਮਿੱਥ ਸਿਰਜਣ ਦਾ ਰੁਝਾਨ ਮੁੱਢ ਕਦੀਮਾਂ ਤੋਂ ਹੁਣ ਤੱਕ ਨਿਰੰਤਰ ਪ੍ਰਵਾਹਿਤ ਹੈ। ਮਿੱਥ ਦਾ ਸਰੂਪ ਮਨੁੱਖ ਜਿੰਨਾ ਹੀ ਪੁਰਾਤਨ ਹੈ ਅਤੇ ਲਗਭਗ ਹਰ ਇਕ ਅਨੁਸ਼ਾਸਨ ਦੇ ਅਧਿਐਨ ਦਾ ਕੇਂਦਰ ਮਨੁੱਖ ਹੀ ਰਹਿੰਦਾ ਹੈ। ਇਹੋ ਹੀ ਸਭ ਤੋਂ ਮਹੱਤਵਪੂਰਨ ਕਾਰਨ ਹੈ ਕਿ ਮਿੱਥ ਦਾ ਅਧਿਐਨ ਸਿਰਫ਼ ਮਿੱਥ ਵਜੋਂ ਹੀ ਨਹੀਂ, ਸਗੋਂ ਹਰ ਇਕ ਅਨੁਸ਼ਾਸਨ ਵਿੱਚ ਮਨੁੱਖੀ ਚੇਤਨਾ ਦੇ ਵਿਕਾਸ ਦਾ ਅਧਿਐਨ ਕਰਦਾ ਹੋਇਆ ਮਿੱਥ ਦੇ ਅਧਿਐਨ ਤੱਕ ਪਹੁੰਚਿਆ ਹੈ। ਸਾਹਿਤ ਦੇ ਆਰੰਭ-ਬਿੰਦੂ ਅਤੇ ਇਸ ਦੇ ਇਤਿਹਾਸਿਕ ਅਧਿਐਨ ਤੋਂ ਇਹ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਤ ਦੇ ਸਿਰਜਣਾਤਮਕ ਅਤੇ ਸੰਰਚਨਾਤਮਕ ਸਿਧਾਂਤ ਅਤੇ ਸਾਹਿਤਕ ਵਿਧਾਵਾਂ ਦੇ ਬੀਜ ਰੂਪ ਵੀ ਮਿੱਥਾਂ ਵਿੱਚ ਪਏ ਹਨ। ਮਿੱਥ ਜਿੱਥੇ ਸਾਹਿਤ ਨੂੰ ਢਾਂਚਾ ਪ੍ਰਦਾਨ ਕਰਦੀ ਹੈ, ਉੱਥੇ ਇਹ ਇਸ ਦਾ ਮਹੱਤਵਪੂਰਨ ਅਤੇ ਅਹਿਮ ਅੰਗ ਵੀ ਬਣਦੀ ਹੈ।

ਮਿੱਥ ਮਨੁੱਖੀ ਸੰਵੇਦਨਾਵਾਂ, ਵਿਚਾਰਾਂ ਅਤੇ ਸੰਸਕਾਰਾਂ ਨੂੰ ਉਜਾਗਰ ਕਰਨ ਵਾਲੀ ਡੂੰਘੀ ਸੂਝ ਦੀ ਵਿਧੀਪੂਰਵਕ ਪੇਸ਼ਕਾਰੀ ਮੰਨੀ ਗਈ ਹੈ। ਇਹ ਹੀ ਮੁੱਢਲੀ ਮਨੁੱਖੀ ਸਮਝ ਨੂੰ ਨਿਰਧਾਰਤ ਅਤੇ ਅਭਿਵਿਅਕਤ ਕਰਦੀ ਹੈ। ਮਨੁੱਖੀ ਸੰਸਕ੍ਰਿਤੀ ਨੂੰ ਸਿਰਜਣ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਮਿੱਥ ਵਿੱਚ ਅੰਤਰ-ਨਿਹਿਤ ਹੁੰਦੀਆਂ ਹਨ। ਇਹ ਇਕ ਤਰ੍ਹਾਂ ਨਾਲ ਮਾਨਵੀ ਸਾਂਸਕ੍ਰਿਤਕ ਸਿਰਜਣਾ ਵੀ ਹੈ ਅਤੇ ਇਸ ਦੀ ਸਿਰਜਣਹਾਰ ਵੀ ਹੈ। ਮਿੱਥਾਂ ਵਿੱਚਲੇ ਵਿਸ਼ੇਸ ਵੇਰਵੇ ਸਮਾਜਿਕ ਕਦਰਾਂ ਦਾ ਰੂਪ ਅਖਤਿਆਰ ਕਰਕੇ ਮਨੁੱਖੀ ਸੰਸਕ੍ਰਿਤੀ ਦਾ ਅਟੁੱਟ ਅੰਗ ਬਣ ਜਾਂਦੇ ਹਨ ਅਤੇ ਮੁੱਲਾਂ ਦੀ ਸਿਰਜਣਾ ਤੋਂ ਅੱਗੇ 'ਮੁੱਲਾਂ ਦੀ ਸਥਾਪਤੀ' ਮਿੱਥ ਦਾ ਵਿਸ਼ੇਸ ਹਾਸਿਲ ਹੋ ਨਿਬੜਦੀ ਹੈ। ਮਨੁੱਖ ਦੇ ਅੰਦਰ ਜਦੋਂ ਵੱਡੇ ਡਰ ਅਤੇ ਕੁਦਰਤੀ ਸ਼ਕਤੀਆਂ ਦੇ ਰਹੱਸ ਜਾਣਨ ਦੀ ਇੱਛਾ ਉਤਪੰਨ ਹੋਈ ਤਾਂ ਉਸ ਨੇ ਕੁਦਰਤੀ ਵਰਤਾਰਿਆਂ

ਨੂੰ ਰੱਬ ਮੰਨ ਕੇ ਪੂਜਣਾ ਆਰੰਭ ਕਰ ਦਿੱਤਾ। ਇੱਥੋਂ ਹੀ ਇਕ ਤਰ੍ਹਾਂ ਨਾਲ ਮਿੱਥਾਂ ਦਾ ਜਨਮ ਹੋਇਆ। ਮਿੱਥਾਂ ਲੋਕ ਧਰਮ ਦਾ ਮੂਲ ਅਧਾਰ ਮੰਨੀਆਂ ਜਾਂਦੀਆਂ ਹਨ।

"ਸ਼ਾਬਦਿਕ ਰੂਪ ਵਿੱਚ ਮਿੱਥ ਦਾ ਮੂਲ ਯੂਨਾਨੀ ਸ਼ਬਦ 'ਮਾਈਥੌਸ' ਵਿੱਚ ਮਿਲਦਾ ਹੈ, ਜਿਸ ਦਾ ਅਰਥ ਹੈ ਸ਼ਬਦ ਜਾਂ ਬੋਲ।"[i] ਅਰਸਤੂ 'ਮਾਈਥੌਸ' ਦੀ ਵਰਤੋਂ ਪਲਾਟ ਲਈ ਕਰਦਾ ਹੈ। ਪਲਾਟ ਜੋ ਆਮ ਨਜ਼ਰ ਆਉਂਦਾ ਹੈ ਅਤੇ ਗਲਪ ਰਚਨਾ ਦੀ ਜਿੰਦ ਜਾਨ ਹੁੰਦਾ ਹੈ। ਗਲਪ ਵਿੱਚ ਘਟਨਾਵਾਂ ਨਾਲੋਂ ਵਧੇਰੇ ਮਹੱਤਵਪੂਰਨ ਇਨ੍ਹਾਂ ਵਿੱਚਲੀ ਕੜੀ ਹੁੰਦੀ ਹੈ ਅਤੇ ਹੋਰ ਬਾਰੀਕੀਆਂ ਇਸ ਨੂੰ ਬਿਰਤਾਂਤ ਦਾ ਦਰਜਾ ਦਿੰਦੀਆਂ ਹਨ।

ਹਿੰਦੀ ਭਾਸ਼ਾ ਵਿੱਚ ਇਸ ਲਈ 'ਮਿੱਥਯ' ਸ਼ਬਦ ਨਿਰੋਲ ਮਿਥਿਆ, ਕ੍ਰਾਂਤੀ ਜਾਂ ਕਲਪਨਾ ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ 'ਮਿੱਥ' ਸ਼ਬਦ ਮਿੱਥ ਲੈਣ, ਤੈਅ ਕਰਨ ਜਾਂ ਨਿਸ਼ਚਿਤ ਕਰਨ ਦੇ ਅਰਥਾਂ ਦਾ ਧਾਰਨੀ ਹੈ। ਇਉਂ ਅੰਗਰੇਜ਼ੀ ਸ਼ਬਦ 'ਮਿੱਥ' ਦੀ ਹਿੰਦੀ ਸ਼ਬਦ 'ਮਿੱਥਯ' ਅਤੇ ਪੰਜਾਬੀ ਸ਼ਬਦ 'ਮਿੱਥ' ਨਾਲ ਸਿਰਫ਼ ਧੁਨੀਆਤਮਕ ਸਾਂਝ ਹੀ ਨਜ਼ਰੀ ਆਉਂਦੀ ਹੈ। ਪੰਜਾਬੀ ਵਿੱਚ ਅੰਗਰੇਜ਼ੀ ਸ਼ਬਦ ਮਿੱਥ ਦੀ ਵਰਤੋਂ ਸ਼ਬਦ ਪੱਧਰ 'ਤੇ ਨਾ ਰਹਿ ਕੇ ਸੰਕਲਪ ਦੇ ਤੌਰ 'ਤੇ ਹੁੰਦੀ ਹੈ ਅਤੇ ਇਹ ਵਿਸ਼ੇਸ ਪਰਿਭਾਸ਼ਾ ਦਾ ਧਾਰਨੀ ਹੈ। ਜਿਵੇਂ-ਜਿਵੇਂ ਪੱਛਮੀ ਸਾਹਿਤ ਦੇ ਚਿੰਤਕਾਂ ਨੇ ਮਿੱਥ ਨੂੰ ਗੰਭੀਰਤਾ ਤੇ ਗਹਿਰਾਈ ਨਾਲ ਵਾਚਣ-ਪਰਖਣ ਦੇ ਯਤਨ ਆਰੰਭੇ ਉਸੇ ਨਾਲ ਹੀ ਇਹ ਸ਼ਬਦ ਆਪਣੀਆਂ ਪਰਤਾਂ ਉਘਾੜਦਾ ਗਿਆ ਤੇ ਇਸ ਨੇ ਸ਼ਬਦ ਜਾਂ ਬੋਲ ਦੇ ਅਰਥਾਂ ਤੋਂ ਵੱਧ ਕੇ ਵਿਸ਼ਾਲ ਸੰਕਲਪੀ ਅਰਥਾਂ ਨੂੰ ਆਪਣੇ ਅੰਦਰ ਸਮੇਟ ਲਿਆ। ਅਰਥਾਂ ਦੀ ਇਹ ਵਿਸ਼ਾਲਤਾ ਹੀ ਮਿੱਥ ਨੂੰ ਮਾਨਵੀ ਸਿਰਜਤ ਜਟਿਲ ਸੰਰਚਨਾ ਬਣਾਉਂਦੀ ਹੈ।

ਮਾਰਕ ਸ਼ੋਰਰ ਮਿੱਥ ਨੂੰ ਮਨੁੱਖ ਦੀਆਂ ਡੂੰਘੀਆਂ ਸੰਵੇਦਨਾਵਾਂ ਤੇ ਦੁਨੀਆਂ ਸੰਬੰਧੀ ਮੁੱਢਲੀ ਸੂਝ, ਜਿਸ ਉਤੇ ਅੱਜ ਵੀ ਉਸ ਦੇ ਵਿਚਾਰ ਤੇ ਸੰਸਕਾਰ ਨਿਰਭਰ ਕਰਦੇ ਹਨ, ਦੀ ਮੂਲ ਤੇ ਨਾਟਕੀ ਪੇਸ਼ਕਾਰੀ ਮੰਨਦਾ ਹੈ। "ਉਸ ਅਨੁਸਾਰ ਇਹ ਇਕ ਅਜਿਹਾ ਵਡੇਰਾ ਨਿਯੰਤਰਣ ਸੰਚਾਲਕ ਬਿੰਬ (controlling image) ਹੁੰਦਾ ਹੈ, ਜੋ ਸਾਧਾਰਣ ਜੀਵਨ-ਸੱਚ ਨੂੰ ਦਾਰਸ਼ਨਿਕ ਅਰਥ ਵੀ ਪ੍ਰਦਾਨ ਕਰਦਾ ਹੈ ਤੇ ਜਿਸ ਵਿੱਚ ਤਜਰਬੇ ਨੂੰ ਸੰਗਠਿਤ ਕਰਨ ਦੀ ਕਾਬਲੀਅਤ ਵੀ ਹੁੰਦੀ ਹੈ।"[ii]

"ਮਿੱਥ ਜਾਂ ਮਿੱਥਕ ਦੀ ਵਰਤੋਂ ਲੰਮਾ ਸਮਾਂ 'ਸੱਚ' ਜਾਂ 'ਯਥਾਰਥ' ਦੇ ਵਿਰੋਧੀ ਸੰਦਰਭ ਵਿੱਚ ਹੁੰਦੀ ਰਹੀ ਹੈ। ਭਾਵੇਂ ਕਿ ਹੁਣ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਤੇ

ਮਿੱਥ ਵਿੱਚਲਾ ਸੱਚ ਪਛਾਣਿਆ ਜਾ ਚੁੱਕਾ ਹੈ। ਇਸ ਪਛਾਣ ਦਾ ਮਹੱਤਵ ਇਕ ਪਾਸੇ ਮਿੱਥਾਂ ਦੀ ਤਹਿ ਵਿੱਚ ਕਾਰਜਸ਼ੀਲ ਅੰਤਰ-ਦ੍ਰਿਸ਼ਟੀਆਂ ਤੇ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਵਿੱਚ ਨਿਹਿਤ ਹੈ ਅਤੇ ਦੂਜੇ ਪਾਸੇ ਸੱਚ ਤੇ ਵਾਸਤਵਿਕ ਵਰਗੇ ਸ਼ਬਦਾਂ ਦੀ ਸਥਿਤੀ ਦੇ ਅਨਿਸ਼ਚਿਤ ਹੋਣ ਵਿੱਚ ਹੈ।"[iii]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਿੱਥ ਵਿਸਤ੍ਰਿਤ, ਜਟਿਲ ਅਤੇ ਪ੍ਰਕਾਰਜੀ ਪ੍ਰਕਿਰਤੀ ਦੇ ਕਾਰਨ ਇਸਦੇ ਅੰਤਰ-ਨਿਹਿਤ ਕਈ ਤਰ੍ਹਾਂ ਦੇ ਸੰਕਲਪਿਕ ਅਰਥ ਸਮੋਈ ਬੈਠੀ ਹੈ। ਇਹ ਇਕ ਤਰ੍ਹਾਂ ਦੇ ਨਾਲ ਬਿਰਤਾਂਤਕ ਰੂਪ ਜਾਂ ਕਹਾਣੀ ਹੁੰਦੀ ਹੈ, ਜੋ ਕਿਸੇ ਵੀ ਜਾਤੀ ਸਮੂਹ ਦੇ ਪਰੰਪਰਾਗਤ ਚਿੰਨ੍ਹਾਂ ਨੂੰ ਪੇਸ਼ ਕਰਦੀ ਹੈ। ਮਿੱਥ ਨਿਰੋਲ ਕਲਪਨਾ ਹੀ ਨਹੀਂ ਹੁੰਦੀ, ਬਲਕਿ ਇਹ ਇਤਿਹਾਸਕ ਅਤੇ ਸਭਿਆਚਾਰਕ ਯਥਾਰਥ ਨੂੰ ਵੀ ਪੇਸ਼ ਕਰਦੀ ਹੈ। ਮਿੱਥ ਮਾਨਵੀ ਸੰਸਕ੍ਰਿਤੀ ਦੇ ਗ੍ਰਹਿਣ ਕੀਤੇ ਗਿਆਨ ਨੂੰ ਅੱਗੇ ਨਿਰੰਤਰਤਾ ਦੇ ਨਾਲ ਵਿਕਸਤ ਕਰਦੀ ਰਹਿੰਦੀ ਹੈ ਅਤੇ ਮਨੁੱਖੀ ਚੇਤਨਾ ਤੇ ਸਮਝ ਆਦਿ ਦੇ ਅੰਸ਼ਾਂ ਨੂੰ ਸੰਕਲਪਕ ਤੌਰ 'ਤੇ ਆਪਣੇ ਅੰਦਰ ਸਮੋਈ ਰੱਖਦੀ ਹੈ। ਕਿਸੇ ਵੀ ਸਭਿਆਚਾਰ ਦੇ ਅਧਿਐਨ ਲਈ ਮਿੱਥ ਅਹਿਮ ਭੂਮਿਕਾ ਨਿਭਾਉਂਦੀ ਹੈ। ਮਿੱਥ ਸਮਾਜ ਵਿੱਚ ਜੀਵਨ-ਨਿਰਬਾਹ ਕਰਦੇ ਮਨੁੱਖ ਲਈ ਪ੍ਰੇਰਨਾ ਸ੍ਰੋਤ ਵੀ ਹੈ।

**ਮਿੱਥ ਅਤੇ ਸਾਹਿਤ**:- ਮਿੱਥ ਅਤੇ ਸਾਹਿਤ ਦਾ ਆਪਸੀ ਰਿਸ਼ਤਾ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਨੇੜਲੇ ਪੱਧਰ ਦਾ ਹੈ। ਜਦੋਂ ਵੀ ਸਾਹਿਤ ਦੇ ਵਿੱਚ ਮਿੱਥ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਮਿੱਥ ਹੋਰ ਵੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਸਰੂਪ ਵਿੱਚ ਪ੍ਰਸਤੁਤ ਹੁੰਦੀ ਹੈ। ਦੁਨੀਆਂ ਦੀ ਸਿਰਜਣਾ ਸੰਬੰਧੀ ਮੁੱਢਲੀ ਰਚਨਾ ਮਿੱਥ ਹੀ ਹੈ। ਪ੍ਰਸਿੱਧ ਵਿਦਵਾਨ ਡਾ. ਹਰਿਭਜਨ ਸਿੰਘ ਲਈ ਮਿੱਥ ਸਿਰਜਣਾ ਦਾ ਪਹਿਲਾ ਪੜਾਅ 'ਬ੍ਰਹਮ' ਸਿਰਜਣਾ ਹੈ।[iv] ਸਾਹਿਤ ਅਜਿਹੀਆਂ ਸਥਿਤੀਆਂ ਪ੍ਰਸਥਿਤੀਆਂ ਦੀ ਕਲਾਤਮਕ ਅਭਿਵਿਅਕਤੀ ਹੁੰਦਾ ਹੈ, ਜੋ ਸਮਾਜ ਵਿੱਚ ਪ੍ਰਚਲਿਤ ਮਨੁੱਖੀ ਕਾਰ-ਵਿਹਾਰ, ਕਦਰਾਂ-ਕੀਮਤਾਂ ਤੇ ਮਨੋਸਥਿਤੀ ਦਾ ਹੀ ਪ੍ਰਤਿਬਿੰਬ ਹੁੰਦੀਆਂ ਹਨ। ਇਹ ਬਿੰਬ ਭਾਵੇਂ ਜੀਵਨ ਵਾਂਗੂੰ ਹੀ ਜਾਪਦਾ ਹੈ, ਪਰ ਇਹ ਵਾਸਤਵਿਕ ਸੰਸਾਰ ਦੀ ਕਲਾਤਮਕ ਪੁਨਰ-ਉਸਾਰੀ ਹੁੰਦਾ ਹੈ। 'ਮਨੁੱਖ ਦਾ ਸਾਰਾ ਮਿੱਥ ਸਿਰਜਣ, ਉਸ ਦੇ ਆਲੇ-ਦੁਆਲੇ ਪਸਰੇ ਯਥਾਰਥ ਨੂੰ ਸਮਝਣ-ਸਮਝਾਉਣ ਦੇ ਉਦੇਸ਼ ਤੋਂ ਹੋਇਆ ਹੈ।'[v]

"...ਮਿੱਥ ਹੀ, ਸਾਹਿਤ ਜੋ ਇਕ ਕਲਾਤਮਕ ਕਿਰਤ, ਜੀਵਨ ਨੂੰ ਮੁੱਢ-ਕਦੀਮ ਤੋਂ ਪ੍ਰਸਤੁਤ ਕਰਦਾ ਹੈ, ਉਸ ਦਾ ਇਕ ਮੂਲ ਅਤੇ ਅਹਿਮ ਅੰਗ ਹੁੰਦੀ ਹੈ। ਮਿੱਥ ਸਾਹਿਤ ਨੂੰ ਇਕ ਅਜਿਹਾ ਸਾਂਚਾ ਉਪਲਬਧ ਕਰਵਾਉਂਦੀ ਹੈ ਜਿਸ ਵਿੱਚ ਪੈ ਕੇ ਸਾਹਿਤ ਇਤਿਹਾਸ ਤੇ ਮਨੋਵਿਗਿਆਨਕ ਦੋਹਾਂ ਧਰਾਤਲਾਂ ਤੇ ਉਸਰਦਾ ਹੈ। ਸਾਹਿਤ ਦੇ ਪ੍ਰਮੁੱਖ ਤੱਤ ਪਲਾਟ, ਚਰਿੱਤਰ, ਵਿਸ਼ੈ ਤੇ ਬਿੰਬ ਆਦਿ ਦੀਆਂ ਜਟਿਲਤਾਵਾਂ ਅਤੇ ਵਿਸਥਾਪਨ ਮਿੱਥ ਵਰਗੇ ਹੀ ਹੁੰਦੇ ਹਨ।..."[vi]

ਸਾਹਿਤ ਸਿਰਫ਼ ਮਨੁੱਖੀ ਹੋਣੀਆਂ, ਘਾਟਾਂ, ਦੁਸ਼ਵਾਰੀਆਂ, ਤ੍ਰਾਸਦੀਆਂ ਜਾਂ ਸੰਸਕ੍ਰਿਤੀ ਦੇ ਨਿਰਮਾਣ ਦਾ ਦਸਤਾਵੇਜ਼ ਮਾਤਰ ਨਹੀਂ ਹੁੰਦਾ, ਬਲਕਿ ਮਨੁੱਖੀ ਸਭਿਅਤਾ ਨੇ ਆਪਣੇ ਹੌਂਸਲੇ ਦੇ ਨਾਲ ਜੀਵਨ ਅਤੇ ਸੰਸਾਰ ਵਿੱਚ ਜੋ ਤਬਦੀਲੀ ਲਿਆਂਦੀ ਹੈ, ਉਸ ਤਬਦੀਲੀ ਅਤੇ ਪ੍ਰਾਪਤੀਆਂ ਦੇ ਇਤਿਹਾਸ, ਸੰਘਰਸ਼ ਤੇ ਕਿਰਿਆਵਾਂ-ਪ੍ਰਤਿਕਿਰਿਆਵਾਂ ਦਾ ਪ੍ਰਮਾਣਿਕ ਲੇਖਾ-ਜੋਖਾ ਵੀ ਹੁੰਦਾ ਹੈ। ਭਾਰਤੀ ਸਾਹਿਤ ਦੇ ਮੁੱਢਲੇ ਰੂਪ ਵੇਦ, ਪੁਰਾਣ, ਉਪਨਿਸ਼ਦ, ਮਹਾਂਕਾਵਿ ਸਾਹਿਤ ਦੀ ਧਾਰਾ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਰਮਾਇਣ ਤੇ ਮਹਾਂਭਾਰਤ ਵਰਗੇ ਮਹਾਂ-ਬਿਰਤਾਂਤਾਂ ਦੀ ਕਥਾ-ਉਸਾਰੀ ਦਾ ਆਧਾਰ ਭਾਰਤੀ ਮਿਥਿਹਾਸ 'ਤੇ ਹੀ ਟਿਕਿਆ ਹੋਇਆ ਹੈ। ਇਹ ਭਾਰਤੀ ਮਿਥਿਹਾਸ ਦਾ ਅਜਿਹਾ ਅਨਮੋਲ ਖਜ਼ਾਨਾ ਹਨ, ਜਿਨ੍ਹਾਂ ਰਾਹੀਂ ਸਮਾਜਿਕ ਬਣਤਰ, ਰਿਸ਼ਤਾ-ਨਾਤਾ ਪ੍ਰਬੰਧ ਅਤੇ ਮਨੁੱਖੀ ਆਚਾਰ-ਵਿਹਾਰ ਸੁਨਿਸ਼ਚਿਤ ਹੋਇਆ ਹੈ। ਇਹੋ ਮਿੱਥਕ ਪਰੰਪਰਾ ਰੂਪਾਂਤਰਣ ਦੀ ਪ੍ਰਕਿਰਿਆ ਵਿੱਚੋਂ ਗੁਜਰਦੀ ਹੋਈ ਮੱਧਕਾਲੀ ਸਾਹਿਤ ਤੇ ਆਧੁਨਿਕ ਸਾਹਿਤ ਦਾ ਮੂਲ ਬਣਦੀ ਹੈ। ਮੱਧਕਾਲ ਦੀਆਂ ਪ੍ਰਮੁੱਖ ਸਾਹਿਤਕ ਧਾਰਾਵਾਂ- ਸੂਫੀ ਕਾਵਿ-ਧਾਰਾ, ਬੀਰ ਕਾਵਿ-ਧਾਰਾ, ਕਿੱਸਾ ਕਾਵਿ-ਧਾਰਾ ਅਤੇ ਗੁਰਮਤਿ ਕਾਵਿ-ਧਾਰਾ ਵਿੱਚ ਮਿੱਥਾਂ ਦੀ ਵਰਤੋਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਕਿਸੇ ਵੀ ਆਧੁਨਿਕ ਸਿਧਾਂਤ ਦਾ ਨਾਂ ਭਾਵੇਂ ਪੁਰਾਤਨ ਸਮੇਂ ਵਿੱਚ ਪ੍ਰਯੋਗ ਵਿੱਚ ਨਾ ਆਇਆ ਹੋਵੇ। ਪਰ ਇਸ ਦੇ ਅੰਸ਼ ਅਤੇ ਤੱਤ ਪਰੰਪਰਾ ਵਿੱਚ ਮੌਜੂਦ ਹੁੰਦੇ ਹਨ। ਕਈ ਸੂਰਤਾਂ ਵਿੱਚ ਤਾਂ ਇਸ ਦਾ ਆਧਾਰ-ਸ੍ਰੋਤ ਵੀ ਪਰੰਪਰਾ ਦੀਆਂ ਧਾਰਾਵਾਂ ਵਿੱਚੋਂ ਪ੍ਰਵਾਹਿਤ ਹੁੰਦਾ ਹੈ। ਖੋਜ-ਪੱਤਰ ਦੇ ਵਿਸ਼ੇ ਅਨੁਸਾਰ, ਕੁਈਰ ਹੋਂਦ ਨੂੰ ਮਿਥਿਹਾਸ ਵਿੱਚੋਂ, ਪੜਚੋਲਣ ਦਾ ਯਤਨ ਹੀ ਇਸ ਖੋਜ-ਪੱਤਰ ਦਾ ਆਧਾਰ ਹੈ। ਕੁਈਰ ਸ਼ਬਦ ਦੀ ਸੰਕਲਪਕ ਅਤੇ ਸਮੂਹਿਕ ਵਰਤੋਂ ਵੀਹਵੀਂ-ਇੱਕੀਵੀ ਸਦੀ 'ਚ ਹਰ ਖਿੱਤੇ ਵਿੱਚ ਸਿਧਾਂਤਕ, ਵਿਹਾਰਕ, ਰਾਜਨੀਤਿਕ

ਅਤੇ ਅਕਾਦਮਿਕ ਪੱਧਰ 'ਤੇ ਭਰਪੂਰ ਰੂਪ ਵਿੱਚ ਹੋਣ ਲੱਗੀ ਹੈ। ਪਰ ਮਨੁੱਖੀ ਜੀਵਨ ਦੇ ਮਿਥਿਹਾਸ ਅਤੇ ਇਤਿਹਾਸ ਵਿੱਚ ਇਸ ਸਿਧਾਂਤ ਦੇ ਅੰਸ਼, ਤੱਤ ਅਤੇ ਨਿਸ਼ਾਨਦੇਹੀ ਦੇ ਰੂਪ ਜ਼ਰੂਰ ਮੌਜੂਦ ਹਨ। ਇਸ ਦੇ ਨਾਲ ਸੰਬੰਧਿਤ ਪਾਤਰ ਅਤੇ ਪਛਾਣਾਂ ਸਾਨੂੰ ਸਾਡੇ ਮਿਥਿਹਾਸਿਕ ਸੋਮਿਆਂ ਵਿੱਚੋਂ ਮਿਲ ਜਾਂਦੇ ਹਨ। ਜਿਨ੍ਹਾਂ ਤੋਂ ਤਤਕਾਲ ਵਿੱਚ ਉਨ੍ਹਾਂ ਦੀ ਸਮਾਜਿਕ ਪ੍ਰਵਾਨਗੀ, ਜੀਵਨ-ਜਾਚ, ਵਿਹਾਰਿਕਤਾ, ਸੰਘਰਸ਼, ਚੁਣੌਤੀਆਂ ਆਦਿ ਦਾ ਬੋਧ ਹੁੰਦਾ ਹੈ।

ਮਿਥਿਹਾਸਕ ਕਹਾਣੀਆਂ ਭਾਸ਼ਾ ਜਾਂ ਲਿਖਤੀ ਸ਼ਬਦਾਂ ਦੀ ਕਾਢ ਕੱਢਣ ਤੋਂ ਬਹੁਤ ਪਹਿਲਾਂ ਮੌਜੂਦ ਸਨ। ਮਿਥਿਹਾਸ ਆਮ ਤੌਰ 'ਤੇ ਧਰਮ ਤੋਂ ਪਹਿਲਾਂ ਹੁੰਦਾ ਹੈ। ਹਰ ਧਰਮ ਦੀਆਂ ਕਹਾਣੀਆਂ ਸਰਵ ਵਿਆਪਕ ਵਿਸ਼ਿਆਂ ਦੀ ਪੁਨਰ-ਕਹਾਣੀ ਹੁੰਦੀਆਂ ਹਨ। ਮਿਥਿਹਾਸ ਫਿਲਾਸਫੀ ਅਤੇ ਵਿਗਿਆਨ ਤੋਂ ਵੀ ਪਹਿਲਾਂ ਉਭਰਿਆ ਹੈ। ਭਾਵੇਂ ਕਿ ਵਿਕਾਸਸ਼ੀਲਤਾ ਨਾਲ ਮਨੁੱਖੀ ਜੀਵਨ ਕਾਫੀ ਬਦਲ ਗਿਆ ਹੈ। ਪਰ ਫਿਰ ਵੀ ਸਮਕਾਲੀ ਸੰਸਾਰ ਵਿੱਚ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਅਜੇ ਵੀ ਬਰਕਰਾਰ ਹਨ। ਇਨ੍ਹਾਂ ਜ਼ਰੂਰਤਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਜ਼ਰੂਰਤਾਂ ਸਿਰਫ਼ ਭੌਤਿਕ ਵਿਕਾਸ ਨਾਲ ਪੂਰੀਆਂ ਨਹੀਂ ਹੋ ਸਕਦੀਆਂ। ਉਦਾਹਰਣ ਵਜੋਂ- ਸੁਰੱਖਿਆ, ਪਿਆਰ, ਭੋਜਨ, ਲਿੰਗ ਤੇ ਵਿਅਕਤੀਤਵ ਦੇ ਵੱਖ-ਵੱਖ ਪੜ੍ਹਾਵਾਂ ਨਾਲ ਸੰਬੰਧਤ ਮਨੋਵਿਗਿਆਨਕ ਜ਼ਰੂਰਤਾਂ ਆਦਿਮ ਯੁੱਗ ਤੋਂ ਅੱਜ ਤੱਕ ਮਨੁੱਖਾਂ ਦਾ ਇਕ ਅਟੁੱਟ ਹਿੱਸਾ ਰਹੀਆਂ ਹਨ।

ਰੂਥ ਵਿਨਿਤਾ ਅਤੇ ਸਲੀਮ ਕਿਡਵਾਈ ਦੀ ਪੁਸਤਕ ਸੇਮ ਸੈਕਸ ਲਵ ਇਨ ਇੰਡੀਆ (Same Sex Love in India) ਵਿੱਚ ਵੀ ਭਾਰਤੀ ਸਾਹਿਤ ਦੇ ਪਿਛਲੇ ਦੋ ਹਜ਼ਾਰ ਸਾਲਾਂ ਵਿੱਚ ਸਮਲਿੰਗੀ ਪਿਆਰ, ਇੱਛਾ ਤੇ ਰਿਸ਼ਤਿਆਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਪੁਸਤਕ ਦੇ ਅਨੁਸਾਰ ਸਮਲਿੰਗੀ ਪਿਆਰ ਪੱਛਮੀ ਪ੍ਰਭਾਵ ਨਹੀਂ, ਸਗੋਂ ਭਾਰਤੀ ਸਭਿਆਚਾਰ ਦਾ ਹੀ ਇੱਕ ਹਿੱਸਾ ਰਿਹਾ ਹੈ। ਮਹਾਂਭਾਰਤ, ਜਾਤਕ ਕਹਾਣੀਆਂ, ਕਾਮਸੂਤਰ ਵਰਗੇ ਗ੍ਰੰਥਾਂ ਵਿੱਚ ਲਿੰਗ-ਬਦਲਾਅ, ਸਮਲਿੰਗੀ ਆਕਰਸ਼ਣ ਤੇ ਅੰਤਰੰਗ ਦੋਸਤੀ ਦੇ ਉਦਾਹਰਨ ਮਿਲਦੇ ਹਨ। ਇੱਥੇ "ਹੋਮੋਸੈਕਸੂਐਲਿਟੀ" ਵਰਗਾ ਸ਼ਬਦ ਨਹੀਂ ਵਰਤਿਆ ਗਿਆ ਸੀ, ਪਰ ਇੱਛਾ ਤੇ ਪਿਆਰ ਦਾ ਪ੍ਰਗਟਾਵਾ ਸਪਸ਼ਟ ਹੈ। ਪੁਰਾਣੇ ਸਮਿਆਂ ਦੇ ਪਾਠਾਂ ਵਿੱਚ "ਗੇ" ਜਾਂ "ਲੇਸਬੀਅਨ" ਜਿਹੇ ਸ਼ਬਦ ਨਹੀਂ ਮਿਲਦੇ, ਪਰ ਪਿਆਰ ਤੇ ਇੱਛਾ ਦੇ

ਅਨੇਕ ਰੂਪ ਹਨ। ਸਮਲਿੰਗੀ ਪਿਆਰ ਭਾਰਤੀ ਇਤਿਹਾਸ ਵਿੱਚ ਨਵਾਂ ਨਹੀਂ, ਸਗੋਂ ਹਮੇਸ਼ਾਂ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਰਿਹਾ ਹੈ।[vii]

ਮਿਥਿਹਾਸ ਜੋ ਮੌਖਿਕ ਪਰੰਪਰਾਵਾਂ ਅਤੇ ਲਿਖਤ ਗ੍ਰੰਥਾਂ ਰਾਹੀਂ ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਮੁੱਲਾਂ ਦੀ ਰਚਨਾ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਭਾਵੇਂ ਮਿੱਥਕ ਕਹਾਣੀਆਂ ਵਿੱਚ ਅਲੌਕਿਕ ਤੱਤ ਜਾਂ ਵਧੇਰੇ ਵਰਣਨ ਮਿਲਦੇ ਹਨ। ਪਰ ਉਨ੍ਹਾਂ ਦੀ ਸਦੀਵੀ ਮਹੱਤਤਾ ਜੀਵਨ ਦੇ ਭੌਤਿਕ ਅਤੇ ਅਧਿਆਤਮਕ ਪੱਖਾਂ ਨੂੰ ਦਰਸਾਉਣ ਵਿੱਚ ਹੈ। ਇਹ ਕਥਾਵਾਂ ਵਿਅਕਤੀ ਨੂੰ ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲ ਜੋੜਦੀਆਂ ਹਨ ਅਤੇ ਸਮੇਂ ਦੀਆਂ ਸੀਮਾਵਾਂ ਤੋਂ ਪਰੇ ਜਾਂ ਕੇ ਅਜਿਹੇ ਸਮਾਜਿਕ ਨਿਯਮਾਂ ਨੂੰ ਪ੍ਰਗਟ ਕਰਦੀਆਂ ਹਨ, ਜੋ ਅੱਜ ਵੀ ਰਿਵਾਜਾਂ ਅਤੇ ਰਸਮਾਂ ਨੂੰ ਪ੍ਰਭਾਵਿਤ ਕਰਦੇ ਹਨ। ਹੁਣ ਦੇ ਵਰ੍ਹਿਆਂ ਵਿੱਚ ਮਿਥਿਹਾਸ ਸਿਰਫ਼ ਧਾਰਮਿਕ ਚਰਚਾ ਤੱਕ ਹੀ ਸੀਮਤ ਨਹੀਂ ਰਿਹਾ। ਸਗੋਂ ਅਕਾਦਮਿਕ ਖੋਜ ਦਾ ਵਿਸ਼ਾ ਬਣ ਗਿਆ ਹੈ, ਜੋ ਸਮਾਜਿਕ ਸੰਰਚਨਾਵਾਂ, ਪਛਾਣਾਂ ਅਤੇ ਹਾਸ਼ੀਏ ਤੋਂ ਪਾਰ ਲੋਕਾਂ ਨੂੰ ਸਮਝਣ ਵਿੱਚ ਸਹਾਇਕ ਹੈ। ਹਿੰਦੂ ਮਹਾਂਕਾਵਿ ਮਹਾਂਭਾਰਤ ਦੇ ਸੰਦਰਭ ਵਿੱਚ ਬਹੁਤ ਸਾਰੀਆਂ ਉਪ-ਕਥਾਵਾਂ ਹਨ, ਬਹੁਤ ਸਾਰੇ ਮੁੱਦੇ ਹਨ, ਜੋ ਮੌਜੂਦਾ ਸਮਾਜ ਨਾਲ ਸੰਬੰਧਤ ਹਨ। ਕੁਈਰ ਹੋਂਦ ਦਾ ਮੁੱਦਾ ਅਜਿਹਾ ਹੀ ਹੈ, ਜਿਸ ਨੂੰ ਬਹੁਤ ਮਹੱਤਵ ਨਹੀਂ ਦਿੱਤਾ ਗਿਆ। ਹਾਲਾਂਕਿ ਕਾਫੀ ਸਬੂਤ ਹਨ। ਮਿਥਿਹਾਸਕ ਹਵਾਲਿਆਂ ਦੇ ਸੰਦਰਭ ਵਿੱਚ ਕੁਈਰ ਹੋਂਦ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਖੋਜ-ਪੱਤਰ ਰਾਹੀਂ ਅਸੀਂ ਮਿੱਥਾਂ ਦੇ ਅਧਿਐਨ ਰਾਹੀਂ ਤਤਕਾਲ ਦੇ ਸਮੇਂ ਕੁਈਰ ਹੋਂਦ ਦੇ ਸਮਾਜਿਕ, ਰਾਜਨੀਤਿਕ, ਵਿਵਹਾਰਕ, ਧਾਰਮਿਕ ... ਦ੍ਰਿਸ਼ਟੀਕੋਣ ਦੀ ਪੜਚੋਲ ਕਰਾਂਗੇ। ਉੱਤਰ-ਆਧੁਨਿਕਤਾਵਾਦੀ ਦ੍ਰਿਸ਼ਟੀਕੋਣ ਤੋਂ ਕੁਈਰ ਵਰਗ ਨਾਲ ਸੰਬਧਿਤ ਪਾਤਰਾਂ ਬਾਰੇ ਅਧਿਐਨ ਕਰਨ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਹਿੰਦੂ ਸਮਾਜ ਵਿੱਚ ਜਿਨਸੀ ਰੁਝਾਨ ਦੀ ਧਾਰਨਾ ਨਹੀਂ ਸੀ, ਜੋ ਜੈਂਡਰ ਦੀ ਪਛਾਣ ਨੂੰ ਇਸਦੇ ਆਧਾਰ 'ਤੇ ਵੰਡਦੀ ਸੀ ਕਿ ਉਨ੍ਹਾਂ ਦਾ ਜਿਨਸੀ ਝੁਕਾਅ ਕਿਸ ਵੱਲ ਹੈ। ਪ੍ਰੰਤੂ ਇਥੇ ਤੀਜੇ ਜੈਂਡਰ ਦੀ ਮਜ਼ਬੂਤ ਪ੍ਰਾਚੀਨ ਧਾਰਨਾ ਸੀ। ਉਨ੍ਹਾਂ ਵਿਅਕਤੀਆਂ ਲਈ ਜਿਨ੍ਹਾਂ ਵਿੱਚ ਨਰ ਅਤੇ ਮਾਦਾ ਦੋਵਾਂ ਦੇ ਤੱਤ ਮੋਜੂਦ ਸਨ। ਸੰਸਕ੍ਰਿਤ ਗ੍ਰੰਥਾਂ ਨਾਰਦਾ ਸੰਮ੍ਰਿਤੀ, ਸੁਸਰਤ ਸੰਹਿਤਾ ਆਦਿ ਦੇ ਅਨੁਸਾਰ ਤੀਜੇ ਜੈਂਡਰ ਵਿੱਚ ਉਹ ਲੋਕ ਆਉਂਦੇ ਹਨ, ਜਿਨ੍ਹਾਂ ਨੂੰ ਰਵਾਇਤੀ ਤੌਰ ਤੇ ਸਮਲਿੰਗੀ, ਦੁਲਿੰਗੀ, ਟ੍ਰਾਂਸਜੈਂਡਰ ਅਤੇ ਇੰਟਰਸੈਕਸ ਕਿਹਾ ਜਾਂਦਾ ਹੈ। ਪ੍ਰਾਚੀਨ ਗ੍ਰੰਥਾਂ ਵਿੱਚ ਤੀਜੇ ਜੈਂਡਰ ਨੂੰ ਮਰਦਾਂ ਵਜੋਂ ਦਰਸਾਇਆ ਗਿਆ ਹੈ। ਜਿਨ੍ਹਾਂ ਵਿੱਚ ਔਰਤ ਵਾਲਾ

ਸੁਭਾਅ ਇਨ੍ਹਾਂ ਨੂੰ ਸਮਲਿੰਗੀਆ ਜਨਾਨੜਾ ਮਰਦ ਆਖਿਆ ਜਾਂਦਾ ਹੈ। ਭਾਰਤ ਹਮੇਸ਼ਾ ਤੋਂ ਹੀ ਵਿਭਿੰਨ ਜਾਤੀਆਂ, ਸੰਸਿਕ੍ਰਿਤੀਆਂ (ਸਭਿਆਚਾਰ), ਪਰੰਪਰਾਵਾਂ ਦਾ ਕੇਂਦਰ ਰਿਹਾ ਹੈ। ਇਸ ਧਰਤੀ ਨੇ ਵਿਸ਼ਵ ਸਭਿਆਚਾਰ ਨੂੰ ਰਮਾਇਣ ਅਤੇ ਮਹਾਂਭਾਰਤ ਵਰਗੇ ਮਹਾਨ ਮਹਾਂਕਾਵਿ ਰਾਹੀਂ ਜੀਵਨ ਦਰਸ਼ਨ ਅਤੇ ਸੰਸਕ੍ਰਿਤਕ ਧਰਤੀ ਪ੍ਰਦਾਨ ਕੀਤੀ ਹੈ। ਰਮਾਇਣ ਅਤੇ ਮਹਾਂਭਾਰਤ ਵਰਗੇ ਮਹਾਨ ਗ੍ਰੰਥਾਂ ਰਾਹੀਂ ਜੀਵਨ-ਸ਼ੈਲੀ, ਸੰਸਕ੍ਰਿਤੀ, ਸਭਿਆਚਾਰ ਦੇ ਵਡਮੁੱਲੇ ਗਿਆਨ ਦੇ ਭੰਡਾਰ ਰਾਹੀਂ ਰੂ-ਬ-ਰੂ ਕਰਵਾਇਆ ਹੈ। ਭਾਰਤੀ ਲੋਕਾਂ ਦੀ ਜੀਵਨ-ਸ਼ੈਲੀ ਅਤੇ ਸੰਸਕ੍ਰਿਤੀ ਵੈਦਿਕ ਗ੍ਰੰਥਾਂ ਅਤੇ ਧਾਰਮਿਕ ਸ਼ਾਸਤਰਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਸਾਰੀ ਦੁਨੀਆਂ ਨੇ ਭਾਰਤੀ ਗ੍ਰੰਥਾਂ ਦੀ ਸਰਬ-ਵਿਆਪਕਤਾ ਅਤੇ ਮੂਲ ਤੱਤਾਂ ਨੂੰ ਮੰਨਿਆ ਤੇ ਸਵੀਕਾਰਿਆ ਹੈ।

ਮਹਾਂਭਾਰਤ ਨੂੰ ਮਹਾਨ ਰਿਸ਼ੀ ਵੇਦ ਵਿਆਸ ਦੀ ਰਚਨਾ ਮੰਨਿਆ ਗਿਆ ਹੈ। "ਭਾਰਤ ਵੰਸ਼ ਦੀ ਮਹਾਨ ਕਥਾ" ਦੇ ਅਰਥ ਵਾਲਾ ਇਹ ਗ੍ਰੰਥ ਦੁਨੀਆਂ ਦਾ ਵਿਸ਼ਾਲ ਮਹਾਂਕਾਵਿ ਹੈ। ਇਸ ਦਾ ਕੇਂਦਰੀ ਹਿੱਸਾ 'ਭਾਰਤ' 24000 ਸ਼ਲੋਕਾਂ 'ਤੇ ਅਧਾਰਿਤ ਹੈ। ਰਚਨਾਤਮਕ ਰੂਪ ਵਿੱਚ ਇਹ 'ਕਹਾਣੀ ਅੰਦਰ ਕਹਾਣੀ' ਦੀ ਸ਼ੈਲੀ ਵਿੱਚ ਲਿਖਿਆ ਗਿਆ ਹੈ। ਜਿਸ ਦਾ ਮੁੱਖ ਵਿਸ਼ਾ ਅਨਿਆਂ ਲਈ ਯੁੱਧ ਜਾਂ ਧਰਮ ਯੁੱਧ ਹੈ।

ਮਹਾਂਭਾਰਤ ਸਿਰਫ਼ ਧਾਰਮਿਕ ਗ੍ਰੰਥ ਹੀ ਨਹੀਂ, ਸਗੋਂ ਵੱਖ-ਵੱਖ ਧਾਰਮਿਕ, ਅਧਿਆਤਮਕ, ਪੌਰਾਣਿਕ ਅਤੇ ਦਾਰਸ਼ਨਿਕ ਪੱਖਾਂ ਰਾਹੀਂ ਮਨੁੱਖਤਾ ਲਈ ਨਵੇਂ ਅਰਥ ਅਤੇ ਪ੍ਰੇਰਣਾ ਪ੍ਰਦਾਨ ਕਰਦਾ ਹੈ। ਇਸੇ ਕਰਕੇ ਦੁਨੀਆਂ ਦੇ ਕਈ ਧਰਮ ਇਸ ਨੂੰ ਆਪਣੇ ਧਾਰਮਿਕ ਗ੍ਰੰਥ ਜਾਂ ਘੋਸ਼ਣਾ ਪੱਤਰ ਵਜੋਂ ਮੰਨਦੇ ਹਨ, ਜਿਵੇਂ ਹਿੰਦੂ ਧਰਮ, ਜੈਨ ਧਰਮ, ਇੰਡੋਨੇਸ਼ੀਆਈ ਦਰਸ਼ਨ ਆਦਿ। ਮੁੱਖ ਗ੍ਰੰਥ ਅਠਾਰਾਂ ਪਾਠਾਂ ਵਿੱਚ ਵੰਡਿਆ ਹੈ ਅਤੇ ਮੂਲ ਰਚਨਾ ਸੰਸਕ੍ਰਿਤ ਵਿੱਚ ਹੈ। ਇਹ ਗ੍ਰੰਥ ਮਨੁੱਖੀ ਅਸਤਿਤਵ ਦੇ ਗੰਭੀਰ ਪ੍ਰਸ਼ਨਾਂ ਨਾਲ ਜੁੜਿਆ ਅਤੇ ਵਿਸ਼ਵ ਪੱਧਰ ਤੇ ਅਧਿਐਨ ਦਾ ਵਿਸ਼ਾ ਬਣਿਆ ਹੋਇਆ ਹੈ।

ਮਹਾਂਭਾਰਤ ਵਿੱਚ ਪੇਸ਼ ਕੀਤੇ ਮੂਲ ਵਿਚਾਰਾਂ ਤੇ ਆਧੁਨਿਕ ਅਧਿਐਨਕਾਰਾਂ ਨੇ ਵੀ ਚਰਚਾ ਕੀਤੀ ਹੈ। ਜਦੋਂ ਇਸ ਨੂੰ ਸੰਦਰਭਕ ਪੱਧਰ 'ਤੇ ਪੜ੍ਹਿਆ ਜਾਂਦਾ ਹੈ ਤਾਂ ਕਈ ਪ੍ਰਸੰਗ ਵਿਰੋਧ-ਯੋਗ ਹੋ ਜਾਂਦੇ ਹਨ। ਉਦਾਹਰਣ ਵਜੋਂ ਧਰਮਯੁੱਧ ਦੀ ਧਾਰਨਾ ਅਤੇ ਕਰਣ, ਏਕਲਵਯਾ, ਦੁਰਯੋਧਨ ਆਦਿ ਪਾਤਰਾਂ ਨਾਲ ਕੀਤੇ ਅਨਿਆਂ ਦੇ ਵੱਖ-ਵੱਖ ਪੱਖ ਵਿਵਾਦ-ਪੂਰਵਕ ਹਨ। ਤਾਕਤ, ਹਿੰਸਾ ਅਤੇ ਸ਼ਕਤੀ ਦੁਆਰਾ ਜਿਸ ਪਲ ਉਹ ਭਟਕਣ ਅਤੇ

ਸੁਤੰਤਰ ਮਨੁੱਖਾਂ ਵਜੋਂ ਉਭਰਨ ਦੀ ਕੋਸ਼ਿਸ ਕਰਦੇ ਹਨ। ਉਨਾਂ ਨੂੰ ਪਿੱਤਰਸੱਤਾ ਦੇ ਸਮਾਜਿਕ ਨਿਯਮਾਂ ਵੱਲ ਵਾਪਸ ਖਿੱਚਿਆ ਜਾਂਦਾ ਹੈ। ਪਰ ਸਮਲਿੰਗੀ ਲੋਕਾਂ ਦੇ ਮਾਮਲੇ ਵਿੱਚ ਜਦੋਂ ਉਨ੍ਹਾਂ ਨੂੰ ਸਮਾਜਿਕ ਤੌਰ 'ਤੇ ਬਣਾਈਆਂ ਗਈਆਂ ਲਿੰਗ ਭੂਮਿਕਾਵਾਂ ਦੇ ਅੰਦਰ ਆਪਣੇ ਆਪ ਨੂੰ ਸੀਮਤ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਇਹ ਉਨ੍ਹਾਂ ਦੀ ਸਖਸ਼ੀਅਤ ਦੇ ਨਾਲ-ਨਾਲ ਉਨ੍ਹਾਂ ਦੀ ਪਛਾਣ ਵਿਕਾਸ ਲਈ ਵੀ ਨੁਕਸਾਨਦੇਹ ਸਾਬਿਤ ਹੁੰਦੀ ਹੈ।

ਮਹਾਂਭਾਰਤ ਵਿੱਚ ਟ੍ਰਾਂਸਜੈਂਡਰ ਪਾਤਰਾਂ ਦਾ ਚਿਤਰਣ ਕੁਝ ਮਾਮਲਿਆਂ ਵਿੱਚ ਸ਼ੱਕੀ ਹੋਣ ਦੇ ਨਾਲ-ਨਾਲ ਤਰਸਯੋਗ ਵੀ ਹੈ। ਉਦਾਹਰਣ ਵਜੋਂ, ਸ਼ਿਖੰਡੀ ਆਪਣੇ ਪਿਛਲੇ ਜਨਮ ਵਿੱਚ ਅੰਬਾ ਨਾਮ ਦੀ ਔਰਤ ਦੇ ਰੂਪ ਵਿੱਚ ਪੈਦਾ ਹੋਈ ਸੀ ਅਤੇ ਫਿਰ ਬਾਅਦ ਵਿੱਚ ਸਿਰਫ਼ ਆਪਣੇ ਬਦਲੇ ਦੀ ਪੂਰਤੀ ਲਈ ਇਕ ਮਰਦ ਬਣ ਜਾਂਦੀ ਹੈ। ਇਕ ਔਰਤ ਤੋਂ ਇਕ ਟ੍ਰਾਂਸਜੈਂਡਰ ਵਿੱਚ ਉਸਦਾ ਪਰਿਵਰਤਨ ਸ਼ਿਖੰਡੀ, ਉਸ ਨੂੰ ਹੋਰ ਸ਼ਕਤੀਸ਼ਾਲੀ ਅਤੇ ਵੀਰ ਯੋਧਾ ਬਣਾਉਂਦਾ ਹੈ। ਜਿਸ ਨੇ ਅਰਜੁਨ ਦੇ ਨਾਲ ਮਿਲ ਕੇ ਲੜਾਈ ਕੀਤੀ ਅਤੇ ਉਸਨੇ ਭੀਸ਼ਮ ਨੂੰ ਹਰਾਉਣ ਵਿੱਚ ਸਹਾਇਤਾ ਕੀਤੀ। ਆਧੁਨਿਕ ਭਾਰਤ ਵਿੱਚ ਟ੍ਰਾਂਸਜੈਂਡਰਾਂ ਨੂੰ ਅਕਸਰ ਸ਼ਿਖੰਡੀ ਮੰਨਿਆ ਜਾਂਦਾ ਹੈ। ਕਿਉਂਕਿ ਉਹ ਵਿਸ਼ਵਾਸ ਕਰਦੇ ਹਨ ਕਿ ਉਹ ਸ਼ਿਖੰਡੀ ਦੇ ਪੈਰੋਕਾਰ ਹਨ ਅਤੇ ਉਹ ਇਸ ਯੋਧਾ ਨਾਇਕ ਨੂੰ ਆਪਣੇ ਦੇਵਤਾ ਵਜੋਂ ਪੂਜਦੇ ਹਨ।

ਮਨੁੱਖ ਦੇ ਜੀਵਨ ਵਿੱਚ ਤਿੰਨ ਕਿਸਮਾਂ ਦੇ ਕਰਮ ਮੰਨੇ ਗਏ ਹਨ- ਇਕੱਠੇ ਕੀਤੇ ਹੋਏ (ਸੰਚਿਤ), ਪਿਛਲੇ ਜਨਮਾਂ ਤੋਂ ਮਿਲੇ ਹੋਏ (ਪ੍ਰਬੰਧ) ਅਤੇ ਮੌਜੂਦਾ ਸਮੇਂ ਵਿੱਚ ਕੀਤੇ ਜਾ ਰਹੇ ਕਰਮ ਹਨ।

**सन्चितं कर्म भवति प्रब्धं चागामिकम् ॥**
**एतानि त्रिविधं कर्म पुरुषस्य प्रकीर्तितम् ॥**[viii]

ਇਕੱਠੇ ਹੋਏ ਕਰਮਾਂ ਦਾ ਨਾਸ਼ ਤਪੱਸਿਆ, ਸੇਵਾ ਜਾਂ ਉਪਚਾਰ ਨਾਲ ਕੀਤਾ ਜਾ ਸਕਦਾ ਹੈ। ਆਉਣ ਵਾਲੇ ਕਰਮਾਂ ਤੋਂ ਬਚਾਅ ਵੀ ਸਾਧਨਾ ਨਾਲ ਸੰਭਵ ਹੈ। ਪਰ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਭੋਗਣ ਤੋਂ ਇਲਾਵਾ ਕੋਈ ਹੋਰ ਉਪਾਅ ਨਹੀਂ ਹੈ।

**संचितं कर्म सगलं भ्रान्त्या जातं पुनः पुनः ॥**
**ज्ञानाग्निना दग्धं स्यान्नश्यति आत्मविनिश्चयात् ॥**[ix]

ਇਸੇ ਲਈ ਮਨੁੱਖ ਨੂੰ ਕਈ ਵਾਰ ਇਸਤਰੀ, ਪੁਰਸ਼ ਜਾਂ ਨਿਪੁੰਸਕ ਰੂਪ ਵਿੱਚ ਜਨਮ ਲੈਣਾ ਪੈਂਦਾ ਹੈ। ਜੋਤਿਸ਼ ਅਨੁਸਾਰ ਜੇ ਜਨਮ ਕੁੰਡਲੀ ਦੇ ਅੱਠਵੇਂ ਘਰ ਵਿੱਚ ਸ਼ੁਕਰ ਅਤੇ ਸ਼ਨੀ ਹੋਣ ਅਤੇ ਉਨ੍ਹਾਂ 'ਤੇ ਗੁਰੂ ਜਾਂ ਚੰਦਰਮਾ ਦੀ ਦ੍ਰਿਸ਼ਟੀ ਨਾ ਹੋਵੇ ਤਾਂ ਮਨੁੱਖ ਨਿਪੁੰਸਕ

ਹੋ ਸਕਦਾ ਹੈ। ਜੇ ਜਨਮ ਵੇਲੇ ਕੁੰਡਲੀ ਦੇ ਛੇਵੇਂ ਜਾ ਬਾਰਵੇਂ ਘਰ ਵਿੱਚ ਕੁੰਭ ਜਾਂ ਮੀਨ ਰਾਸ਼ੀ ਹੋਵੇ ਤਾਂ ਵੀ ਮਨੁੱਖ ਕਿੰਨਰ ਹੋ ਸਕਦਾ ਹੈ। ਵੇਦਾਂ ਅਨੁਸਾਰ ਪਿਛਲੇ ਜਨਮਾਂ ਦੇ ਕਰਮਾਂ ਦੇ ਕਾਰਨ ਵੀ ਮਨੁੱਖ ਨੂੰ ਨਿਪੁੰਸਕ ਰੂਪ ਵਿੱਚ ਜਨਮ ਲੈਣਾ ਪੈ ਸਕਦਾ ਹੈ। ਮਹਾਂਭਾਰਤ ਵਿੱਚ ਅਰਜੁਨ (ਬ੍ਰਿਹੰਨਲਾ ਰੂਪ) ਨੂੰ ਉਰਵਸ਼ੀ ਦੇ ਸਰਾਪ ਕਾਰਨ ਇਹ ਦਸ਼ਾ ਪ੍ਰਾਪਤ ਹੋਈ ਸੀ ਅਤੇ ਸ਼ਿਖੰਡੀ ਨੂੰ ਪਿਛਲੇ ਜਨਮ ਦੇ ਕਰਮਾਂ ਕਰਕੇ ਇਹ ਰੂਪ ਮਿਲਿਆ ਸੀ।

ਪ੍ਰਾਚੀਨ ਸਾਹਿਤ ਵਿੱਚ ਕਿੰਨਰ ਨੂੰ 'ਤੀਜੀ ਪ੍ਰਕ੍ਰਿਤੀ' ਜਾਂ 'ਨਿਪੁੰਸਕ' ਮਨੁੱਖ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਪੁਰਾਤਨ ਕਾਲ ਤੋਂ ਹੀ ਵਿਦਵਾਨ ਮਨੁੱਖ ਦੀ ਪ੍ਰਕ੍ਰਿਤੀ ਬਾਰੇ ਵਿਚਾਰ ਕਰਦੇ ਆਏ ਹਨ। ਹਿੰਦੀ ਵਿੱਚ ਥਰਡ ਜੈਂਡਰ ਦੇ ਲਈ 'ਕਿੰਪੁਰਸ਼' ਸ਼ਬਦ ਵੀ ਪ੍ਰਯੋਗ ਕੀਤਾ ਜਾਂਦਾ ਹੈ। ਕਿੰਪੁਰਸ਼ ਦੇਵਤਾਵਾਂ ਦੀ ਇਕ ਜੂਨੀ ਮੰਨੀ ਜਾਂਦੀ ਹੈ। ਨਾਲੰਦਾ ਵਿਸ਼ਾਲ ਸ਼ਬਦ ਸਾਗਰ ਵਿੱਚ "ਕਿੰਪੁਰਸ਼ ਸ਼ਬਦ ਦਾ ਅਰਥ, "ਕਿੰਨਰ, ਦੋਗਲਾ ਵਰਣਸੰਕਰ ਅਤੇ ਨੀਚ ਦੱਸਿਆ ਗਿਆ ਹੈ। ਮਾਨਕ ਸ਼ਬਦਕੋਸ਼ 'ਗਿਆਨਮੰਡਲ' ਦੇ 'ਵ੍ਰਹਿਤ ਹਿੰਦੀ ਕੋਸ਼' ਦੇ ਅਨੁਸਾਰ ਕਿੰਮਪੁਰਸ਼ "ਜੰਬੂ ਦੀਪ ਦਾ ਇਕ ਖੰਡ" ਮੰਨਿਆ ਗਿਆ ਹੈ।"[x]

**ਸ਼ਿਖੰਡੀ:-** ਦਵਾਪੁਰ ਯੁੱਗ ਦਾ 'ਸ਼ਿਖੰਡੀ' ਨਾਮ ਦਾ ਪਾਤਰ ਇਸ ਸਮਾਜ ਦੇ ਲਈ ਇਕ ਯੋਧਾ ਪਾਤਰ ਸਿੱਧ ਹੋਇਆ। ਸ਼ਿਖੰਡੀ ਮਹਾਰਾਜ ਦਰੁਪਦ ਦਾ ਪੁੱਤਰ ਅਤੇ ਦਰੋਪਦੀ ਦਾ ਭਾਈ ਸੀ, ਜੋ ਇਕ ਕਿੰਨਰ ਸੀ। ਉਸ ਨੂੰ ਕਿਤੇ-ਕਿਤੇ ਸਤੀ ਦਾ ਅਵਤਾਰ ਵੀ ਕਿਹਾ ਜਾਂਦਾ ਹੈ। ਮਿੱਥ ਕਥਾ ਦੇ ਅਨੁਸਾਰ ਮਹੱਤਵਪੂਰਨ ਗ੍ਰੰਥ ਮਹਾਂਭਾਰਤ ਵਿੱਚ ਚਰਚਿਤ ਕਹਾਣੀ 'ਸ਼ਿਖੰਡੀ' ਦੀ ਹੈ। ਅਸਲ ਵਿੱਚ ਉਹ ਰਾਜਕੁਮਾਰੀ ਅੰਬਾ ਸੀ। ਕਾਸ਼ੀ ਰਾਜ ਦੀਆਂ ਅੰਬਾ, ਅੰਬਿਕਾ ਤੇ ਅੰਬਾਲਿਕਾ ਨਾਂ ਦੀਆਂ ਤਿੰਨ ਰਾਜਕੁਮਾਰੀਆਂ ਸਨ। ਕਾਸ਼ੀ ਦੇ ਰਾਜਾ ਦੀ ਵੱਡੀ ਲੜਕੀ ਦਾ ਨਾਂ ਅੰਬਾ ਸੀ। ਇਨ੍ਹਾਂ ਨੂੰ ਭੀਸ਼ਮ ਪਿਤਾਮਾ ਨੇ ਸਵੰਬਰ ਵਿਚੋਂ ਉਧਾਲ ਲਿਆ ਸੀ। 'ਭੀਸ਼ਮ ਪਿਤਾਮਾ' ਚਿੱਟੀ ਦਾੜ੍ਹੀ ਵਾਲਾ ਬਜ਼ੁਰਗ ਸੀ, ਉਸ ਨੂੰ ਵੇਖ ਤਿੰਨੇ ਰਾਜ ਕੁਮਾਰੀਆਂ ਸਵੰਬਰ ਵਿੱਚ ਆਏ ਰਾਜਕੁਮਾਰ ਅਤੇ ਹਾਜ਼ਰ ਲੋਕ ਉਸ ਤੇ ਵਿਅੰਗ ਕੱਸਣ ਤੇ ਹੱਸਣ ਲੱਗੇ। ਭੀਸ਼ਮ ਗੁੱਸੇ ਨਾਲ ਲਾਲ ਹੋ ਕੇ ਬੋਲਿਆ, "ਮੈਂ ਤਿੰਨਾਂ ਰਾਜ-ਕੁਮਾਰੀਆਂ ਨੂੰ ਉਧਾਲ ਕੇ ਲਿਜਾ ਰਿਹਾ ਹਾਂ, ਜਿਸ ਦੀ ਹਿੰਮਤ ਹੈ ਅਤੇ ਜਿਸਦੀ ਮਰਜ਼ੀ ਹੈ। ਮੇਰੇ ਨਾਲ ਦੋ ਹੱਥ ਕਰਕੇ ਛੁਡਾ ਲਵੇ।" ਭੀਸ਼ਮ ਪਿਤਾਮਾ ਇਨ੍ਹਾਂ ਨੂੰ ਵਿਚਿਤ੍ਰ ਵੀਰਯ ਨਾਲ ਵਿਆਹ ਕਰਨ ਲਈ ਉਧਾਲ ਕੇ ਲੈ ਗਿਆ ਸੀ। ਅੰਬਾ ਪਹਿਲਾਂ ਤੋਂ ਹੀ ਸ਼ਲਵ ਦੇ ਰਾਜੇ ਨਾਲ ਮੰਗੀ ਹੋਈ ਸੀ।

ਭੀਸ਼ਮ ਨੇ ਅੰਬਾ ਨੂੰ ਵਾਪਸ ਰਾਜੇ ਕੋਲ ਭੇਜ ਦਿੱਤਾ। ਪਰ ਰਾਜੇ ਨੇ ਇਸ ਨੂੰ ਇਸ ਕਰਕੇ ਅਪ੍ਰਵਾਨ ਕਰ ਦਿੱਤਾ ਕਿਉਂਕਿ ਅੰਬਾ ਉਧਾਲੀ ਹੋਈ ਔਰਤ ਹੈ ਅਤੇ ਰਾਜੇ ਉਧਾਲੀ ਹੋਈ ਇਸਤਰੀ ਨਾਲ ਵਿਆਹ ਨਹੀਂ ਕਰਵਾਉਂਦੇ। ਉਹ ਮੁੜ ਭੀਸ਼ਮ ਕੋਲ ਆ ਗਈ। ਹਸਤਿਨਾਪੁਰ ਦੇ ਰਾਜਕੁਮਾਰ ਵਿਚਿੱਤਰ ਵੀਰਯ ਨੇ ਉਸ ਨੂੰ ਰਾਜੇ ਸ਼ਲਵ ਦੀ ਪ੍ਰੇਮਿਕਾ ਹੋਣ ਕਾਰਨ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਅੰਬਾ ਨੇ ਭੀਸ਼ਮ ਨੂੰ ਵਿਆਹ ਕਰਾਉਣ ਲਈ ਕਿਹਾ ਤਾਂ ਭੀਸ਼ਮ ਨੇ ਕਿਹਾ ਉਸਨੇ ਸਾਰੀ ਉਮਰ ਵਿਆਹ ਨਾ ਕਰਾਉਣ ਦੀ ਪ੍ਰਤਿਗਿਆ ਕੀਤੀ ਹੋਈ ਹੈ। ਇਸ ਲਈ ਉਸਨੇ ਅੰਬਾ ਨੂੰ ਵਿਆਹ ਕਰਵਾਉਣ ਲਈ ਨਾਂਹ ਕਰ ਦਿੱਤੀ। ਅੰਬਾ ਨੇ ਭੀਸ਼ਮ ਨੂੰ ਕਿਹਾ ਕਿ ਉਹ ਹਸਤਿਨਾਪੁਰ ਤੋਂ ਕਾਸ਼ੀ ਰਾਜ, ਕਾਸ਼ੀ ਰਾਜ ਤੋਂ ਹਸਤਿਨਾਪੁਰ ਤੋਂ ਸ਼ੋਭਰਾਜ, ਸ਼ੋਭਰਾਜ ਤੋਂ ਹਸਤਿਨਾਪੁਰ ਛੇ ਸਾਲ ਭਟਕਦੀ ਰਹੀ ਹੈ। ਜਦੋਂ ਕਿਸੇ ਵੀ ਬੂਹੇ ਨੇ ਉਹਨੂੰ ਠਾਹਰ ਨਾ ਦਿੱਤੀ ਤਾਂ ਉਹਦਾ ਨਾਰੀਤਵ ਜਾਗ ਪਿਆ ਤੇ ਉਸ ਨੇ ਪ੍ਰਣ ਕੀਤਾ। ਮੇਰੇ 'ਤੇ ਬਿਪਤਾ ਦਾ ਪਹਾੜ ਭੀਸ਼ਮ ਕਰਕੇ ਟੁੱਟਿਆ ਹੈ। ਇਸ ਲਈ ਮੈਂ ਪ੍ਰਤਿਗਿਆ ਕਰਦੀ ਹਾਂ ਕਿ ਮੈਂ ਭੀਸ਼ਮ ਦਾ ਵਿਨਾਸ਼ ਕਰਕੇ ਹੀ ਰਹਾਂਗੀ। ਅੰਬਾ ਨੇ ਬਣਵਾਸ ਲੈ ਲਿਆ ਅਤੇ ਭੀਸ਼ਮ ਤੋਂ ਬਦਲਾ ਲੈਣ ਲਈ ਘੋਰ ਤਪੱਸਿਆ ਵਿੱਚ ਲੀਨ ਹੋ ਗਈ। ਸ਼ਿਵਜੀ ਇਸ ਤਪੱਸਿਆ ਤੋਂ ਬੜੇ ਖੁਸ਼ ਹੋਏ ਅਤੇ ਉਨ੍ਹਾਂ ਨੇ ਅਗਲੇ ਜਨਮ ਵਿੱਚ ਉਸ ਦੀ ਬਦਲਾ ਲੈਣ ਦੀ ਮਨੋਕਾਮਨਾ ਪੂਰੀ ਕਰਨ ਦਾ ਇਕਰਾਰ ਕੀਤਾ। ਇਸ ਤੋਂ ਬਾਦ ਇਹ ਚਿਤਾ ਵਿੱਚ ਸੜ ਗਈ ਅਤੇ 'ਸ਼ਿਖੰਡੀ' ਦੇ ਰੂਪ ਵਿੱਚ ਮੁੜ ਜਨਮ ਧਾਰਨ ਕੀਤਾ ਅਤੇ ਇਸ ਤਰ੍ਹਾਂ ਭੀਸ਼ਮ ਦੀ ਮੌਤ ਸ਼ਿਖੰਡੀ ਦੇ ਹੱਥੋਂ ਹੀ ਹੋਈ। ਭੀਸ਼ਮ ਨੇ ਉਸ 'ਤੇ ਵਾਰ ਨਾ ਕੀਤਾ। ਕਿਉਂਕਿ ਭੀਸ਼ਮ ਨੇ ਅੰਬਾ ਨੂੰ ਪਛਾਣ ਲਿਆ ਸੀ। ਔਰਤ ਉੱਪਰ ਹਥਿਆਰ ਚੁੱਕਣਾ ਯੁੱਧ ਨੀਤੀ ਦੇ ਖ਼ਿਲਾਫ਼ ਹੈ, ਇਸ ਲਈ ਉਸ ਨੇ ਆਪਣੇ ਹਥਿਆਰ ਸੁੱਟ ਦਿੱਤੇ ਤਾਂ ਉਸੇ ਵਕਤ ਅਰਜੁਨ ਨੇ ਮੌਕਾ ਵੇਖ ਕੇ ਸ਼ਿਖੰਡੀ ਦੇ ਪਿੱਛੇ ਲੁਕ ਕੇ ਭੀਸ਼ਮ ਉੱਪਰ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਬਾਰੇ ਗੀਤਾ ਪ੍ਰੈਸ ਦੁਆਰਾ ਛਾਪੀ ਮਹਾਂਰਿਸ਼ੀ ਵੇਦ-ਵਿਆਸ ਦੁਆਰਾ ਲਿਖਿਤ ਮਹਾਂਭਾਰਤ ਦੇ ਤੀਸਰੇ ਭਾਗ ਵਿੱਚ ਅਧਿਆਇ 12 ਵਿੱਚ ਇਸ ਕਥਾ ਦਾ ਉਲੇਖ ਮਿਲਦਾ ਹੈ।[xi]

**महाभारत**

**अध्याय : 69**

**श्लोक : 29**

**शिखण्डिनं समासाद्य भरतानां पितामहः।**

अवर्जयत संग्रामं स्त्रीत्वं तस्यानुसंस्मरन् ॥ २९ ॥
भरतकुलके पितामह भीष्मने शिखण्डीके सामने पहुँचकर उसके स्त्रीत्वका बारंबार स्मरण करते हुए युद्ध बंद कर दिया ॥[xii]

ਇਸ ਤਰ੍ਹਾਂ ਸ਼ਿਖੰਡੀ ਨੇ ਇਹ ਸਿੱਧ ਕਰ ਦਿੱਤਾ ਕਿ ਕਿੰਨਰ ਸਮਾਜ ਦੇ ਲੋਕ ਵੀ ਕੁਝ ਕਰ ਸਕਣ ਦੀ ਸਮਰੱਥਾ ਰੱਖਦੇ ਹਨ। ਸ਼ਿਖੰਡੀ ਨੇ ਧਰਮ ਦੀ ਰੱਖਿਆ ਲਈ ਮਹਾਂਭਾਰਤ ਦਾ ਯੁੱਧ ਲੜਿਆ ਸੀ। ਉਸ ਦੀ ਪ੍ਰਤਿਗਿਆ ਨੂੰ ਦੇਖ ਕੇ ਕ੍ਰਿਸ਼ਨ ਨੇ ਉਸ ਨੂੰ ਮਹਾਂਭਾਰਤ ਦੇ ਯੁੱਧ ਵਿੱਚ ਸੈਨਾਪਤੀ ਬਣਾਇਆ ਸੀ। ਇਹ ਕਥਾ ਇਸ ਗੱਲ ਦਾ ਪ੍ਰਮਾਣ ਹੈ ਕਿ ਪ੍ਰਾਚੀਨ ਕਾਲ ਵਿੱਚ ਵੀ ਹਰ ਲਿੰਗ ਨੂੰ ਜੀਵਨ-ਜੀਣ ਦਾ ਅਧਿਕਾਰ ਸੀ। ਇਹ ਕਥਾਵਾਂ ਕਾਲਪਨਿਕ ਜਾਂ ਇਤਿਹਾਸਕ ਹਨ, ਇਹ ਬਹਿਸ ਦਾ ਵਿਸ਼ਾ ਵੀ ਹੋ ਸਕਦਾ ਹੈ। ਪਰ ਇਨ੍ਹਾਂ ਕਥਾਵਾਂ ਨੂੰ ਸਮਾਜ ਦੇ ਵਿੱਚ ਜਿਸ ਪ੍ਰਕਾਰ ਦੀ ਸਵੀਕਾਰਤਾ ਮਿਲੀ। ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਇਸ ਕਾਲ ਵਿੱਚ ਕਿੰਨਰ ਸਮਾਜ ਦੇ ਵਿਅਕਤਿਤਵ ਦੇ ਵਿਕਾਸ ਲਈ ਉਪਯੁਕਤ ਵਿਵਸਥਾ ਸੀ।

**ਇਰਾਵਨ:-** ਦੱਖਣੀ ਭਾਰਤ ਦੇ ਮਿਥਿਹਾਸ ਦੀ ਕਥਾ ਦੇ ਅਨੁਸਾਰ ਇਰਾਵਨ (ਇਰਾਵਤ)[xiii] ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ। ਇਰਾਵਨ ਦੇ ਜਨਮ ਅਤੇ ਮਾਤਾ-ਪਿਤਾ(ਅਰਜੁਨ ਅਤੇ ਉਲੁਪੀ)[xiv], ਯੁੱਧ ਵਿੱਚ ਲੜਾਈ ਅਤੇ ਮੌਤ[xv] ਦਾ ਜ਼ਿਕਰ ਮਹਾਂਭਾਰਤ ਵਿੱਚ ਮਿਲਦਾ ਹੈ ਅਤੇ ਇਸ ਦੇ ਦੇਵੱਤਵ ਅਤੇ ਪੂਜਾ ਦਾ ਵਿਸਥਾਰ ਦੱਖਣੀ ਭਾਰਤ ਦੇ ਮਿਥਿਹਾਸ ਵਿੱਚ ਮਿਲਦਾ ਹੈ। ਇਰਾਵਨ ਦੇਵਤਾ ਦਾ ਸਭ ਤੋਂ ਪ੍ਰਾਚੀਨ ਅਤੇ ਮੁੱਖ ਮੰਦਿਰ ਬਿਲੂਪੁਰਮ ਜ਼ਿਲ੍ਹੇ ਦੇ ਕੁਵਾਗਮ ਵਿੱਚ ਹੈ। ਆਮ ਲੋਕਾਂ ਦੀ ਤਰ੍ਹਾਂ ਕਿੰਨਰ ਵੀ ਦੇਵਤਾ ਦੀ ਪੂਜਾ ਕਰਦੇ ਹਨ। ਉਹ ਦੇਵਤਾ ਅਸਲ ਵਿੱਚ ਅਰਜੁਨ ਅਤੇ ਅਲੂਪੀ ਦਾ ਪੁੱਤਰ ਇਰਾਵਨ ਹੈ। ਜਿਸ ਦੀ ਪੂਜਾ ਕਿੰਨਰ ਦੇਵਤੇ ਦੇ ਰੂਪ ਵਿੱਚ ਕਰਦੇ ਹਨ। ਕਿੰਨਰ ਇਸ ਦੇਵਤਾ ਦੀ ਸਿਰਫ਼ ਪੂਜਾ ਹੀ ਨਹੀਂ ਕਰਦੇ ਬਲਕਿ ਉਸੇ ਨਾਲ ਵਿਆਹ ਵੀ ਕਰਦੇ ਹਨ। ਤਾਮਿਲਨਾਡੂ ਵਿੱਚ ਇਰਾਵਨ ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ। ਕਈ ਥਾਂਵਾਂ ਤੇ ਇਰਾਵਨ ਦੇ ਨਾਮ ਨਾਲ ਵੀ ਬੁਲਾਇਆ ਜਾਂਦਾ ਹੈ। ਇਰਾਵਨ ਦੇਵ ਨੂੰ ਕਿੰਨਰਾਂ ਦਾ ਦੇਵਤਾ ਮੰਨਿਆ ਜਾਂਦਾ ਹੈ। ਇਸ ਲਈ ਦੱਖਣੀ ਭਾਰਤ ਵਿੱਚ ਕਿੰਨਰਾਂ ਨੂੰ 'ਇਰਾਵਨੀ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਇਰਾਵਨ ਦੇਵਤਾ ਮਹਾਂਭਾਰਤ ਦੇ ਪ੍ਰਮੁੱਖ ਪਾਤਰਾਂ ਵਿੱਚੋਂ ਇਕ ਸੀ ਅਤੇ ਯੁੱਧ ਦੇ ਦੌਰਾਨ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਸੀ। "ਤਾਮਿਲਨਾਡੂ ਦੇ ਮੰਦਰ ਵਿੱਚ ਇਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਇਰਾਵਨ ਦੇਵਤਾ ਦਾ ਵਿਆਹ ਕਿੰਨਰਾਂ ਦੇ ਨਾਲ ਕੀਤਾ ਜਾਂਦਾ ਹੈ। ਹਰ ਸਾਲ

ਤਾਮਿਲ ਦੇ ਨਵੇਂ ਸਾਲ ਦੀ ਪਹਿਲੀ ਪੂਰਨਮਾਸ਼ੀ ਨੂੰ ਕਿੰਨਰਾਂ ਦੇ ਵਿਆਹ ਦਾ ਸਮਾਗਮ ਸ਼ੁਰੂ ਹੋ ਜਾਂਦਾ ਹੈ। ਜਿਹੜਾ ਅਠਾਰਾਂ ਦਿਨਾਂ ਤੱਕ ਚੱਲਦਾ ਹੈ। ਇਹ ਵਿਆਹ ਸਾਲ ਵਿੱਚ ਇਕ ਵਾਰ ਕੀਤਾ ਜਾਂਦਾ ਹੈ। ਵਿਆਹ ਤੋਂ ਅਗਲੇ ਦਿਨ ਹੀ ਇਰਾਵਨ ਦੇਵਤਾ ਦੀ ਮੌਤ ਹੋ ਜਾਣ ਕਾਰਨ ਵਿਆਹ ਦੀ ਪਰੰਪਰਾ ਖਤਮ ਹੋ ਜਾਂਦੀ ਹੈ।" ਇਸ ਦਾ ਸੰਬੰਧ ਮਹਾਂਭਾਰਤ ਕਾਲ ਦੀ ਅਨੋਖੀ ਘਟਨਾ ਨਾਲ ਹੈ। ਮਹਾਂਭਾਰਤ ਦੀ ਕਥਾ ਅਨੁਸਾਰ ਇਕ ਵਾਰ ਅਰਜੁਨ ਨੂੰ ਦਰੋਪਦੀ ਨਾਲ ਵਿਆਹ ਦੀ ਇਕ ਸ਼ਰਤ ਦੇ ਉਲੰਘਣ ਕਾਰਨ ਇੰਦਰਪ੍ਰਸਤ ਤੋਂ ਇਕ ਸਾਲ ਦੀ ਤੀਰਥ ਯਾਤਰਾ ਤੇ ਭੇਜਿਆ ਗਿਆ। ਅਰਜੁਨ ਉਸ ਤੋਂ ਬਾਅਦ ਉੱਤਰ-ਪੂਰਵ ਭਾਰਤ ਵੱਲ ਜਾਂਦੇ ਹਨ। ਜਿੱਥੇ ਉਨ੍ਹਾਂ ਦੀ ਮੁਲਾਕਾਤ ਇਕ ਵਿਧਵਾ ਨਾਗ ਕੁਮਾਰੀ ਅਲੂਪੀ ਦੇ ਨਾਲ ਹੁੰਦੀ ਹੈ। ਦੋਵਾਂ ਨੂੰ ਇਕ ਦੂਜੇ ਨਾਲ ਪਿਆਰ ਹੋ ਜਾਂਦਾ ਹੈ ਅਤੇ ਦੋਨੋਂ ਵਿਆਹ ਕਰ ਲੈਂਦੇ ਹਨ। ਵਿਆਹ ਤੋਂ ਕੁਝ ਸਮੇਂ ਬਾਅਦ ਅਰਜੁਨ, ਅਲੂਪੀ ਅਤੇ ਇਕ ਪੁੱਤਰ ਨੂੰ ਉੱਥੇ ਹੀ ਛੱਡ ਕੇ ਅਗਲੀ ਯਾਤਰਾ ਲਈ ਨਿਕਲ ਜਾਂਦਾ ਹੈ। ਇਰਾਵਨ ਨਾਗਲੋਕ ਵਿੱਚ ਆਪਣੀ ਮਾਂ ਦੇ ਨਾਲ ਹੀ ਰਹਿੰਦਾ ਹੈ। ਜਵਾਨ ਹੋਣ ਤੇ ਉਹ ਨਾਗਲੋਕ ਨੂੰ ਛੱਡ ਕੇ ਆਪਣੇ ਪਿਤਾ ਕੋਲ ਜਾਂਦਾ ਹੈ। ਉਸ ਸਮੇਂ ਕੁਰਕੁਸ਼ੇਤਰ ਵਿੱਚ ਮਹਾਂਭਾਰਤ ਦਾ ਯੁੱਧ ਚੱਲ ਰਿਹਾ ਸੀ। ਇਸ ਲਈ ਅਰਜੁਨ ਉਸ ਨੂੰ ਯੁੱਧ ਕਰਨ ਲਈ ਮੈਦਾਨ ਵਿੱਚ ਭੇਜ ਦਿੰਦਾ ਹੈ। ਯੁੱਧ ਦੇ ਦੌਰਾਨ ਇਕ ਸਮਾਂ ਆਇਆ ਕਿ ਜਦੋਂ ਪਾਂਡਵਾਂ ਨੂੰ ਆਪਣੀ ਜਿੱਤ ਦੇ ਲਈ ਮਾਂ ਕਾਲੀ ਦੇ ਚਰਨਾਂ ਵਿੱਚ ਆਪਣੀ ਇੱਛਾ ਦੇ ਨਾਲ 32 ਗੁਣਾਂ ਵਾਲੇ ਵਿਅਕਤੀ ਦੀ ਨਰਬਲੀ ਦੇ ਲਈ ਇਕ ਰਾਜਕੁਮਾਰ ਦੀ ਜ਼ਰੂਰਤ ਹੁੰਦੀ ਹੈ। ਇਹ 32 ਗੁਣ ਸਿਰਫ਼ ਅਰਜੁਨ ਅਤੇ ਅਰਜੁਨ ਪੁੱਤਰ ਇਰਾਵਨ ਵਿੱਚ ਹੀ ਸਨ, ਸ਼੍ਰੀ ਕ੍ਰਿਸ਼ਨ ਅਤੇ ਅਰਜੁਨ ਦੀ ਯੁੱਧ ਵਿੱਚ ਜ਼ਰੂਰਤ ਸੀ। ਜਦੋਂ ਕੋਈ ਵੀ ਰਾਜਕੁਮਾਰ ਅੱਗੇ ਨਹੀਂ ਆਉਂਦਾ ਤਾਂ ਇਰਾਵਨ ਖ਼ੁਦ ਆਪਣੀ ਇੱਛਾ ਨਾਲ ਹੀ ਪ੍ਰਗਟ ਕਰਦਾ ਹੈ, ਪ੍ਰੰਤੂ ਉਸ ਸਮੇਂ ਉਹ ਸ਼ਰਤ ਰੱਖਦਾ ਹੈ ਕਿ ਉਹ ਬਿਨਾਂ ਵਿਆਹ ਤੋਂ ਨਹੀਂ ਮਰੇਗਾ। ਇਸ ਸ਼ਰਤ ਕਾਰਨ ਮਾਹੌਲ ਬੜਾ ਹੀ ਤਣਾਅਪੂਰਨ ਬਣ ਜਾਂਦਾ ਹੈ। ਕਿਉਂਕਿ ਕੋਈ ਰਾਜਾ ਇਹ ਜਾਣਦੇ ਹੋਏ ਕਿ ਅਗਲੇ ਦਿਨ ਉਸ ਦੀ ਬੇਟੀ ਵਿਧਵਾ ਹੋ ਜਾਵੇਗੀ ਤਾਂ ਉਹ ਆਪਣੀ ਧੀ ਭਲਾ ਕਿਉਂ ਦੇਵੇਗਾ? ਇਸ ਲਈ ਇਰਾਵਨ ਦੇ ਨਾਲ ਆਪਣੀ ਬੇਟੀ ਦੇ ਵਿਆਹ ਨੂੰ ਕੋਈ ਵੀ ਪ੍ਰਵਾਨਗੀ ਨਹੀਂ ਦਿੰਦਾ। ਜਦੋਂ ਕੋਈ ਰਸਤਾ ਨਹੀਂ ਬਚਦਾ ਤਾਂ ਭਗਵਾਨ ਸ਼੍ਰੀ ਕ੍ਰਿਸ਼ਨ ਖ਼ੁਦ ਮੋਹਿਨੀ ਰੂਪ ਧਾਰ ਕੇ ਇਰਾਵਨ ਨਾਲ ਵਿਆਹ ਕਰਵਾਉਂਦੇ ਹਨ। ਇਰਾਵਨ ਆਪਣਾ ਸੀਸ ਮਾਂ ਕਾਲੀ ਦੇ ਚਰਨਾਂ ਵਿੱਚ ਅਰਪਣ ਕਰ ਦਿੰਦਾ ਹੈ। ਇਰਾਵਨ ਦੀ ਮੌਤ ਤੋਂ ਬਾਅਦ ਸ਼੍ਰੀ ਕ੍ਰਿਸ਼ਨ ਉਸੇ

ਮੋਹਿਨੀ ਰੂਪ ਵਿੱਚ ਕਾਫੀ ਦੇਰ ਤੱਕ ਇਰਾਵਨ ਦੀ ਮੌਤ ਦਾ ਵਿਰਲਾਪ ਕਰਦੇ ਹਨ। ਸ੍ਰੀ ਕ੍ਰਿਸ਼ਨ ਪੁਰਸ਼ ਹੁੰਦੇ ਹੋਏ ਵੀ ਇਰਾਵਨ ਦੇ ਨਾਲ ਇਸਤਰੀ ਰੂਪ ਵਿੱਚ ਵਿਆਹ ਕਰਦੇ ਹਨ। ਇਸ ਲਈ ਕਿੰਨਰ ਜਿਹੜੇ ਕਿ ਇਸਤਰੀ ਰੂਪ ਵਿੱਚ ਪੁਰਸ਼ ਮੰਨੇ ਜਾਂਦੇ ਹਨ ਉਹ ਵੀ ਇਕ ਰਾਤ ਲਈ ਇਰਾਵਨ ਦੇ ਨਾਲ ਵਿਆਹ ਕਰਦੇ ਹਨ। ਇਰਾਵਨ ਨੂੰ ਆਪਣਾ ਪਤੀ ਦੇਵਤਾ ਮੰਨਦੇ ਹਨ।[xvi]

**ਬ੍ਰਿਹੰਨਲਾ:-** ਬ੍ਰਿਹੰਨਲਾ ਦੀ ਕਥਾ ਆਧੁਨਿਕ ਜੈਂਡਰ ਸਟੱਡੀਜ਼ ਅਤੇ ਐੱਲ.ਜੀ.ਬੀ.ਟੀ.ਕਿਊ.ਪਲੱਸ ਡਿਸਕੋਰਸ (Gender Studie and LGBTQ+ Discourse) ਵਿੱਚ ਵੀ ਮਹੱਤਵਪੂਰਨ ਹੈ। ਇਹ ਕਥਾ ਜੈਂਡਰ ਐਜ਼ ਪ੍ਰਫੋਰਮੈਂਸ (Gender as Performance) (Judith Butler 1990) ਦੀ ਸੰਕਲਪਨਾ ਨਾਲ ਗਹਿਰਾ ਸੰਬੰਧ ਰੱਖਦੀ ਹੈ। ਅਰਜੁਨ ਦੇ ਲਿੰਗ-ਰੂਪਾਂਤਰਨ ਨੂੰ ਧਾਰਮਿਕ, ਅਧਿਆਤਮਿਕ ਅਤੇ ਪ੍ਰਤੀਕਆਤਮਿਕ ਸੰਦਰਭਾਂ ਵਿੱਚ ਸਮਝਣ ਦੀ ਕੋਸ਼ਿਸ ਕੀਤੀ ਗਈ ਹੈ। ਉਰਵਸ਼ੀ ਦੇ ਸਰਾਪ ਤੋਂ ਲੈ ਕੇ ਬ੍ਰਿਹੰਨਲਾ ਦੇ ਰੂਪ ਤੱਕ ਇਹ ਕਥਾ ਸਿਰਫ਼ ਦਿਵਯ ਲੀਲਾ ਨਹੀਂ ਸਗੋਂ ਲਿੰਗ ਦੀ ਤਰਲਤਾ ਅਤੇ ਆਤਮਿਕ ਪੂਰਨਤਾ ਦਾ ਪ੍ਰਤੀਕ ਹੈ। ਜਦੋਂ ਅਰਜੁਨ ਉਰਵਸ਼ੀ ਦੇ ਸਰਾਪ ਕਾਰਨ ਨਿਪੁੰਸਕ ਬਣਦਾ ਹੈ ਅਤੇ ਅਗਿਆਤਵਾਸ ਦੌਰਾਨ ਬ੍ਰਿਹੰਨਲਾ ਰੂਪ ਧਾਰਨ ਕਰਦਾ ਹੈ। ਤਦ ਉਹ ਕੇਵਲ ਕਥਾ ਦਾ ਨਾਇਕ ਹੀ ਨਹੀਂ, ਸਗੋਂ ਲਿੰਗ ਦੇ ਆਧੁਨਿਕ ਸਮੀਕਰਣਾਂ ਨੂੰ ਚੁਣੌਤੀ ਦੇਣ ਵਾਲਾ ਪ੍ਰਤੀਕ ਬਣ ਜਾਂਦਾ ਹੈ। ਇਸ ਘਟਨਾ ਰਾਹੀਂ ਅਰਜੁਨ ਦੀ ਅੰਦਰੂਨੀ ਤਾਕਤ ਅਤੇ ਸਵੈ-ਨਿਯੰਤਰਣ ਦਾ ਪ੍ਰਤੀਕ ਉਭਰਦਾ ਹੈ। ਉਸ ਦਾ ਬ੍ਰਿਹੰਨਲਾ ਰੂਪ ਕੇਵਲ ਭੌਤਿਕ ਲਿੰਗ-ਬਦਲਾਅ ਨਹੀਂ, ਸਗੋਂ ਆਤਮਿਕ ਪੱਧਰ 'ਤੇ ਉਸ ਦੀ ਪੂਰਨਤਾ ਦਾ ਸੰਕੇਤ ਹੈ। 'ਮਹਾਂਭਾਰਤ' ਅਰਜੁਨ ਦੇ 'ਬ੍ਰਿਹੰਨਲਾ' ਰੂਪ ਵਿੱਚ ਤਬਦੀਲ ਹੋ ਕੇ ਅਗਿਆਤਵਾਸ ਦਾ ਸਮਾਂ ਬਤੀਤ ਕਰਨ ਦੀ ਕਥਾ ਨੂੰ ਬਿਆਨ ਕਰਦੀ ਹੈ। ਪਾਂਡਵਾਂ ਨੂੰ ਬਾਰਾਂ ਸਾਲ ਦੇ ਬਣਵਾਸ ਵਿੱਚ ਜਾਣਾ ਪੈਂਦਾ ਹੈ। ਇਸ ਸਮੇਂ ਦੌਰਾਨ ਅਰਜੁਨ ਆਪਣੇ ਪਿਤਾ ਨੂੰ ਮਿਲਣ ਸਵਰਗ ਜਾਂਦਾ ਹੈ। ਉਸ ਵੇਲੇ ਦੇਵਤਿਆਂ ਦੀ ਅਪਸਰਾ ਉਰਵਸ਼ੀ ਉਸ ਵੱਲ ਮੋਹਿਤ ਹੋ ਜਾਂਦੀ ਹੈ ਤੇ ਅਰਜੁਨ ਦੇ ਨਾਲ ਕਾਮੁਕ ਹਾਵ-ਭਾਵ ਤਹਿਤ ਵਿੱਚਰਨ ਦੀ ਕੋਸ਼ਿਸ ਕਰਦੀ ਹੈ। ਅਰਜੁਨ ਦੇ ਮਨਾਂ ਕਰਨ ਤੇ ਕੀ ਉਹ ਰਿਸ਼ਤੇ ਵਿੱਚ ਉਸਦੀ ਮਾਂ ਲੱਗਦੀ ਹੈ ਤਾਂ ਉਰਵਸ਼ੀ ਉਸ ਨੂੰ ਗੁੱਸੇ ਵਿੱਚ ਆ ਕੇ ਸਰਾਪ ਦੇ ਦਿੰਦੀ ਹੈ ਕਿ ਤੂੰ ਕਲੀਵ ਬਣੇਗਾ।[xvii] ਸ਼ਬਦ 'ਕਲੀਵ' ਤੋਂ ਭਾਵ 'ਤੀਜਾਪੰਥੀ'। ਵੇਦਾਂ ਪੁਰਾਣਾਂ ਵਿੱਚ ਤੀਜੇ ਪੰਥੀਆਂ ਲਈ 'ਕਲੀਵ' ਸ਼ਬਦ ਵੀ ਪ੍ਰਚਲਿਤ

ਸੀ।[xviii] ਅਰਜੁਨ ਦਾ ਕਲੀਵ ਬਣਨਾ ਠੀਕ ਨਹੀਂ ਸੀ ਪਰ ਉਸ ਨੂੰ ਸਰਾਪ ਮਿਲਿਆ ਸੀ ਇਸ ਤੋਂ ਬਿਨਾਂ ਉਸ ਕੋਲ ਕੋਈ ਬਦਲ ਵੀ ਨਹੀਂ ਸੀ। ਉਹ ਗੁੱਸੇ ਵਿੱਚ ਆ ਗਿਆ ਤਾਂ ਕ੍ਰਿਸ਼ਨ ਨੇ ਕਿਹਾ, 'ਹੁਣ ਤੁਸੀਂ ਗੁਪਤ ਬਣਵਾਸ ਵਿੱਚ ਹੋ, ਤਹਾਨੂੰ ਕੋਈ ਪਛਾਣ ਨਾ ਸਕੇ ਇਸ ਲਈ ਤੁਹਾਡੇ ਵਾਸਤੇ ਇਹ ਰੂਪ ਬਹੁਤ ਫਾਇਦੇਮੰਦ ਹੋਵੇਗਾ।' ਅਖੀਰ ਦੇ ਵਿੱਚ ਅਰਜੁਨ ਮੰਨ ਗਿਆ ਤੇ 'ਬ੍ਰਿਹੰਨਲਾ' ਦੇ ਨਾਲ ਸਾਰੇ ਪਾਂਡਵ ਇਕ-ਇਕ ਕਰਕੇ ਰਾਜਾ ਵਿਰਾਟ ਦੇ ਦਰਬਾਰ ਵਿੱਚ ਪੁੱਜ ਗਏ। ਅਰਜੁਨ ਨੇ ਦੱਸਿਆ ਕਿ ਉਹ ਨਾਚ-ਗਾਣੇ ਵਿੱਚ ਮਾਹਿਰ ਹੈ ਤਾਂ ਔਰਤਾਂ ਨੂੰ ਨਾਚ-ਗਾਣਾ ਸਿਖਾਉਣ ਲਈ ਉਸ ਨੂੰ ਚੁਣ ਲਿਆ ਗਿਆ ਪਰੰਤੂ ਚੋਣ ਕਰਨ ਤੋਂ ਪਹਿਲਾਂ ਰਾਜਾ ਵਿਰਾਟ ਨੇ ਉਸ ਦੀ ਪਰਖ ਵੀ ਕੀਤੀ ਕਿ ਉਹ ਸੱਚ-ਮੁੱਚ ਹੀ ਕਲੀਵ ਹੈ: ਕਿਧਰੇ ਉਹ ਸੁੰਦਰ ਔਰਤਾਂ ਵੱਲ ਆਕਰਸ਼ਿਤ ਤਾਂ ਨਹੀਂ ਹੁੰਦਾ। ਨਾਚ-ਗਾਣੇ ਦੀ ਸਿੱਖਿਆ ਸ਼ੁਰੂ ਹੋਣ ਤੇ ਰਾਜਾ ਵਿਰਾਟ ਬ੍ਰਿਹੰਨਲਾ ਦੀ ਕਲਾ, ਵਿਵਹਾਰ ਤੇ ਚਾਲ ਚੱਲਣ ਤੋਂ ਬਹੁਤ ਪ੍ਰਸੰਨ ਹੋਇਆ। ਰਾਜਾ ਵਿਰਾਟ ਨੇ ਆਪਣੀ ਧੀ ਉਤਰਾ ਨੂੰ ਬੁਲਾ ਕੇ ਕਿਹਾ ਕਿ ਬ੍ਰਿਹੰਨਲਾ ਖਾਨਦਾਨੀ ਹੈ। ਉਹ ਆਮ ਨਾਚੀ ਨਹੀਂ ਹੈ। ਉਸ ਨੂੰ ਰਾਣੀ ਵਰਗਾ ਮਾਨ-ਸਨਮਾਨ ਦਿੱਤਾ ਜਾਵੇ। ਉਸ ਨੂੰ ਆਪਣੇ ਮਹਿਲ ਵਿੱਚ ਲੈ ਜਾਓ। ਰਾਜਾ ਵਿਰਾਟ ਨੇ ਬ੍ਰਿਹੰਨਲਾ ਨੂੰ ਆਪਣਾ ਲਿੰਗ ਬਦਲ ਕੇ ਆਦਮੀਆਂ ਵਾਂਗ ਰਹਿਣ ਲਈ ਨਹੀਂ ਕਿਹਾ ਬਲਕਿ ਉਸ ਦੇ ਇਸਤਰੀਤਵ ਦਾ ਹਮੇਸ਼ਾ ਸਨਮਾਨ ਕੀਤਾ। ਉਹ ਜਿਹੋ-ਜਿਹੀ ਵੀ ਹੈ, ਉਸੇ ਤਰ੍ਹਾਂ ਹੀ ਸਵੀਕਾਰ ਕੀਤਾ। ਉਸ ਨੂੰ ਆਪਣੇ ਰਾਜ ਦਰਬਾਰ ਵਿੱਚ ਆਸਰਾ ਵੀ ਦਿੱਤਾ ਤੇ ਕਰਨ ਲਈ ਕੰਮ ਵੀ ਦਿੱਤਾ।[xix] ਜਦੋਂ ਕੌਰਵ ਵਿਰਾਟ ਦੇ ਰਾਜ ਗੋਧਨ 'ਤੇ ਹਮਲਾ ਕਰਦੇ ਹਨ, ਉਸ ਸਮੇਂ ਬ੍ਰਿਹੰਨਲਾ ਆਪਣੀ ਅਸਲੀ ਪਛਾਣ ਪ੍ਰਗਟ ਕਰਦੀ ਹੈ ਅਤੇ ਯੋਧਾ ਅਰਜੁਨ ਵਜੋਂ ਉਨ੍ਹਾਂ ਨੂੰ ਹਰਾ ਦਿੰਦਾ ਹੈ। ਅਰਜੁਨ ਦਾ ਬ੍ਰਿਹੰਨਲਾ ਰੂਪ ਲਿੰਗ ਦੀ ਤਰਲਤਾ ਦਾ ਪ੍ਰਤੀਕ ਹੈ ਕਿ ਪੁਰਸ਼ ਅਤੇ ਇਸਤਰੀ ਤੱਤ ਇਕ-ਦੂਜੇ ਤੋਂ ਵੱਖ ਨਹੀਂ ਸਗੋਂ ਪੂਰਨਤਾ ਦੇ ਦੋ ਪੱਖ ਹਨ। ਦੇਵਦੱਤ ਪਟਨਾਇਕ ਦੇ ਅਨੁਸਾਰ, ਬ੍ਰਿਹੰਨਲਾ ਦਾ ਰੂਪ "ਨਿਪੁੰਸਕਤਾ ਨਹੀਂ, ਸਗੋਂ ਸਮੂਹਕਤਾ ਦਾ ਉਤਸਵ ਹੈ।" ਇਹ ਕਥਾ ਲਿੰਗ ਦੇ ਸਿਰਫ਼ ਜੀਵ-ਵਿਗਿਆਨਕ ਤੱਥ ਦਾ ਹੀ ਨਹੀਂ ਸਗੋਂ ਸਾਂਸਕ੍ਰਿਤਿਕ ਅਤੇ ਆਤਮਿਕ ਤੱਥ ਦਾ ਵੀ ਪ੍ਰਦਰਸ਼ਨ ਹੈ। ਬ੍ਰਿਹੰਨਲਾ ਰੂਪ ਰਾਹੀਂ ਅਰਜੁਨ ਇਹ ਸਾਬਤ ਕਰਦਾ ਹੈ ਕਿ ਮਨੁੱਖ ਦੀ ਪਛਾਣ ਉਸ ਦੇ ਕਿਰਦਾਰ ਅਤੇ ਆਤਮਿਕ ਅਵਸਥਾ ਨਾਲ ਜੁੜੀ ਹੈ, ਨਾ ਕਿ ਕੇਵਲ ਉਸ ਦੇ ਸਰੀਰਕ ਲਿੰਗ ਨਾਲ। ਬ੍ਰਿਹੰਨਲਾ ਦੀ ਕਥਾ ਪੇਸ਼ ਕਰਦੀ ਹੈ ਕਿ ਆਤਮਿਕ ਪੂਰਨਤਾ ਲਈ ਮਨੁੱਖ ਨੂੰ ਆਪਣੇ ਅੰਦਰਲੇ ਦੋਵੇਂ ਤੱਤ ਪੁਰਸ਼ ਅਤੇ ਨਾਰੀ ਨੂੰ

ਮੰਨਣਾ ਅਤੇ ਇਕਸਾਰ ਕਰਨਾ ਲਾਜ਼ਮੀ ਹੈ। ਇਹ ਕਥਾ ਧਰਮ, ਸਮਾਜ ਅਤੇ ਮਨੁੱਖੀ ਅਸਤਿਤਵ ਦੇ ਅਜਿਹੇ ਆਯਾਮਾਂ ਨੂੰ ਖੋਲਦੀ ਹੈ ਜੋ ਅੱਜ ਦੇ ਜੈਂਡਰ ਡਿਸਕੋਰਸ ਵਿੱਚ ਵੀ ਪ੍ਰਸੰਗਿਕ ਹਨ।

**ਅਰਧਨਾਰੀਸ਼ਵਰ:-**[xx] ਪੁਰਾਤਨ ਕਾਲ ਵਿੱਚ ਸ਼ਿਵ ਦੇ ਇਕ ਅਵਤਾਰ ਅਰਧਨਾਰੀਸ਼ਵਰ[xxi] ਦੀ ਚਰਚਾ ਹੋਈ ਮਿਲਦੀ ਹੈ, ਇਸ ਦਾ ਅੱਧਾ ਭਾਗ ਨਾਰੀ ਅਤੇ ਅੱਧਾ ਭਾਗ ਮਰਦ ਦਾ ਸੀ।[xxii] ਕਿੰਨਰ ਸ਼ਿਵ ਦੀ ਪੂਜਾ ਕਰਦੇ ਹਨ ਅਤੇ ਭਾਰਤ ਦੀ ਸੰਸਕ੍ਰਿਤੀ ਵਿੱਚ ਹਿੰਦੂ, ਬੁੱਧ ਅਤੇ ਜੈਨ ਸੰਸਕ੍ਰਿਤੀ ਵਿੱਚ ਇਨ੍ਹਾਂ ਨੂੰ ਮਾਨਤਾ ਪ੍ਰਾਪਤ ਹੈ। ਇਨ੍ਹਾਂ ਤਿੰਨਾਂ ਸੰਸਕ੍ਰਿਤੀਆਂ ਵਿੱਚ ਤੀਜੇ ਜੈਂਡਰ ਦਾ ਵਰਣਨ ਮਿਲਦਾ ਹੈ। ਵੈਦਿਕ ਸੰਸਕ੍ਰਿਤ ਦੇ ਅਨੁਸਾਰ ਮਨੁੱਖੀ ਲਿੰਗ ਤਿੰਨ ਪ੍ਰਕਿਰਤੀ ਦਾ ਹੈ, ਉਹ ਪੁਰਸ਼, ਇਸਤਰੀ ਅਤੇ ਨਿਪੁੰਸਕ ਹੈ। ਉਸ ਕਾਲ ਵਿੱਚ ਜੈਂਡਰ ਨੂੰ ਪ੍ਰਕਿਰਤੀ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਸੀ। ਆਚਾਰਿਆ ਵਾਤਸਆਇਨ ਦੀ ਪੁਸਤਕ 'ਕਾਮ ਸੂਤਰ' ਵਿੱਚ ਵੀ ਤਿੰਨ ਜੈਂਡਰ ਦਾ ਵਰਣਨ ਮਿਲਦਾ ਹੈ ਜਿਵੇਂ: ਪੁਰਸ਼ ਪ੍ਰਕ੍ਰਿਤੀ, ਇਸਤਰੀ ਪ੍ਰਕ੍ਰਿਤੀ ਅਤੇ ਤੀਜੀ ਪ੍ਰਕ੍ਰਿਤੀ (ਨਿਪੁੰਸਕ)। ਕਾਮ ਸੂਤਰ ਵਿੱਚ ਨਰ ਅਤੇ ਨਾਰੀ ਤੋਂ ਅਲੱਗ ਇਕ ਵਰਗ ਨੂੰ ਨਿਪੁੰਸਕ ਵੀ ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਕਾਮ ਇੰਦਰੀਆਂ ਤਾਂ ਹੁੰਦੀਆਂ ਹਨ ਪਰੰਤੂ ਸੰਭੋਗ ਕਿਰਿਆ ਕਰਨ ਵਿੱਚ ਇਹ ਅਸਫਲ ਹੁੰਦੇ ਹਨ। ਨਿਪੁੰਸਕਾਂ ਵਿੱਚ ਵੀ ਸੰਭੋਗ ਦੀ ਲਾਲਸਾ ਹੁੰਦੀ ਹੈ। ਇਨ੍ਹਾਂ ਦੀ ਸੰਭੋਗ ਕਿਰਿਆ ਦੇ ਸੰਬੰਧ ਵਿੱਚ ਕਾਮ ਵਿਗਿਆਨ ਨੇ ਇਹੀ ਦੱਸਿਆ ਹੈ ਕਿ ਇਹ ਮੁਖ ਮੈਥੁਨ ਰਾਹੀਂ ਆਪਣੀ ਕਾਮ ਤ੍ਰਿਪਤੀ ਨੂੰ ਬੁਝਾਏ। ਆਚਾਰੀਆ ਵਾਤਸਾਇਨ ਨੇ ਨਿਪੁੰਸਕਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ- 1. ਇਸਤਰੀ ਰੂਪੀ 2. ਪੁਰਸ਼ ਰੂਪੀ[xxiii]

**ਇਲਾ ਜਾਂ ਇਡਾ:-** ਇਲਾ ਜਾਂ ਇਡਾ ਭਾਰਤੀ ਪੌਰਾਣਿਕ ਸਾਹਿਤ ਵਿੱਚ ਇਕ ਮਹੱਤਵਪੂਰਨ ਪਾਤਰ ਹੈ। ਇਲਾ ਦੇ ਵਿਅਕਤੀਗਤ ਰੂਪ ਨੂੰ ਪੁਰਾਣਾਂ ਅਤੇ ਵੈਦਿਕ ਗ੍ਰੰਥਾਂ ਵਿੱਚ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕੀਤਾ ਗਿਆਂ ਹੈ। ਇਹ ਨਾ ਸਿਰਫ਼ ਧਾਰਮਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ, ਬਲਕਿ ਸਮਾਜਿਕ ਅਤੇ ਲਿੰਗ-ਸੰਬੰਧੀ ਅਧਿਐਨ ਲਈ ਵੀ ਮਹੱਤਵਪੂਰਨ ਸਥਾਨ ਰੱਖਦੀ ਹੈ।[xxiv] ਮਤਸਯ ਪੁਰਾਣ ਵਿੱਚ ਇਲਾ ਮਨੂ ਦੇ ਪੁੱਤਰ ਦੇ ਰੂਪ ਵਿੱਚ ਜਨਮੀ। ਰਿਗਵੇਦ ਵਿੱਚ ਮੂਲ **ਰੂਪ** ਵਿੱਚ ਇਡਾ ਅੰਨ, ਜਲਪਾਨ ਜਾਂ ਦੁੱਧ ਦੇ ਦਰਪਣ ਦੇ ਰੂਪ ਵਿੱਚ ਮਿਲਦੀ ਹੈ। ਇਸ ਦਾ ਵਾਣੀ ਦੀ ਦੇਵੀ ਦੇ ਰੂਪ ਵਿੱਚ ਮਾਨਵੀਕਰਨ ਕੀਤਾ ਜਾਂਦਾ ਹੈ ਅਤੇ ਇਸ ਦੀ ਕਾਫੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਇਸ ਨੂੰ ਮਨੂ ਦੀ ਉਪਦੇਸ਼ਿਕਾ

ਆਖਿਆ ਜਾਂਦਾ ਹੈ। ਬਹੁਤ ਸਾਰੀਆਂ ਅਜਿਹੀਆਂ ਲਿਖਤਾਂ ਵੀ ਇਸ ਨਾਲ ਸੰਬੰਧਿਤ ਕੀਤੀਆਂ ਜਾਂਦੀਆਂ ਹਨ। ਜਿਨ੍ਹਾਂ ਵਿੱਚ ਯੱਗ ਕਰਨ ਦੇ ਨਿਯਮਾਂ ਦੀ ਪਹਿਲੀ ਸੰਸਥਾ ਦਾ ਵਰਣਨ ਕੀਤਾ ਗਿਆ ਹੈ। 'ਸਾਯਣ ਅਨੁਸਾਰ ਇਹ ਪ੍ਰਿਥਵੀ ਤੇ ਰਾਜ ਕਰ ਰਹੀ ਦੇਵੀ ਹੈ। ਸ਼ਤਪਥ ਬ੍ਰਾਹਮਣ ਅਨੁਸਾਰ ਇਸ ਨੂੰ ਇਕ ਯਗ ਵਿੱਚੋਂ ਉਤਪੰਨ ਹੋਈ ਮੰਨਿਆ ਗਿਆ ਹੈ, ਜੋ ਮਨੂ ਨੇ ਪੁੱਤਰ ਪ੍ਰਾਪਤੀ ਲਈ ਕੀਤਾ ਸੀ। ਮ੍ਰਿਤ ਤੇ ਵਰੁਣ ਦੋਵਾਂ ਨੇ ਇਸ ਨੂੰ ਆਪਣੇ ਅਧਿਕਾਰ ਹੇਠ ਲਿਆਉਣਾ ਚਾਹਿਆ। ਪਰ ਇਹ ਆਪਣੇ ਜਨਮ-ਦਾਤਾ ਦੀ ਆਗਿਆ ਵਿੱਚ ਹੀ ਰਹੀ। ਮਨੂ ਇਸ ਨਾਲ ਰਹਿਣ ਲੱਗਾ ਅਤੇ ਇਸ ਤਰ੍ਹਾਂ ਇਹ ਦੋਵੇਂ ਪੁੱਤਰ ਪ੍ਰਾਪਤੀ ਲਈ ਅਰਦਾਸਾਂ ਕਰਦੇ ਤੇ ਵਰਤ ਰੱਖਦੇ ਜਿਸ ਨਾਲ ਇਸ ਤੋਂ ਮਨੂ ਜਾਤ ਦੀ ਉਤਪਤੀ ਹੋਈ। ਪੁਰਾਣਾਂ ਵਿੱਚ ਇਸ ਨੂੰ ਮਨੂ ਵੈਵਸਵਤ ਦੀ ਧੀ, ਬੁੱਧ ਦੀ ਪਤਨੀ ਅਤੇ ਪੁਰੂਰਵ ਦੀ ਮਾਂ ਕਿਹਾ ਗਿਆ ਹੈ। ਇਨ੍ਹਾਂ ਅਨੁਸਾਰ ਮਨੂ ਵੈਵਸਵਤ ਦੇ ਕੋਈ ਪੁੱਤਰ ਨਹੀਂ ਸੀ। ਉਸ ਨੇ ਪੁੱਤਰ ਪ੍ਰਾਪਤੀ ਲਈ 'ਮ੍ਰਿਤ' ਤੇ 'ਵਰੁਣ' ਲਈ ਇਕ ਯੱਗ ਕੀਤਾ। ਪਰ ਯੱਗ ਕਰਦਿਆਂ ਹੋਇਆ ਉਸ ਦੁਆਰਾ ਵਿਧਾਨ ਵਿੱਚ ਕੋਈ ਗਲਤੀ ਹੋ ਗਈ। ਜਿਸ ਕਾਰਨ 'ਇਡਾ' ਜਾਂ 'ਇਲਾ' ਨਾਂ ਦੀ ਲੜਕੀ ਦਾ ਜਨਮ ਹੋਇਆ। ਦੋਵਾਂ ਦੇਵਤਿਆਂ ਦੀ ਕ੍ਰਿਪਾ ਨਾਲ ਉਹ ਮੁੜ ਆਦਮੀ ਬਣ ਗਈ। ਉਸ ਦਾ ਨਾਂ ਸੁਦਯੁਮਨ ਰਖਿਆ ਗਿਆ। ਸ਼ਿਵਜੀ ਦੇ ਸਰਾਪ ਕਾਰਨ ਸੁਦਯੁਮਨ ਫੇਰ ਲੜਕੀ ਬਣ ਗਿਆ ਅਤੇ ਇਸ ਦਾ ਵਿਆਹ ਬੁੱਧ ਨਾਲ ਹੋਇਆ। ਪੁਰੂਰਵ ਦੇ ਜਨਮ ਤੋਂ ਬਾਦ ਇਹ ਵਿਸ਼ਨੂੰ ਦੀ ਕ੍ਰਿਪਾ ਨਾਲ ਫੇਰ ਸੁਦਯੁਮਨ ਬਣ ਗਈ ਅਤੇ ਇਸ ਤਰ੍ਹਾਂ ਇਸ ਦੇ ਘਰ ਤਿੰਨ ਪੁੱਤਰ ਹੋਏ। ਕਹਾਣੀ ਦੇ ਇਕ ਹੋਰ ਪਾਠਾਂਤਰ ਅਨੁਸਾਰ ਮਨੂ ਦੇ ਸਭ ਤੋਂ ਵੱਡੇ ਪੁੱਤਰ ਦਾ ਨਾਂ ਇਲਾ ਸੀ। ਇਹ ਸ਼ਿਵ-ਪਾਰਵਤੀ ਦੇ ਪਵਿੱਤਰ ਉਪਬਣ ਵਿੱਚੋਂ ਦੀ ਇਕ ਵਾਰੀ ਲੰਘਣ ਕਰ ਕੇ ਫੇਰ ਇਸਤਰੀ ਬਣ ਗਿਆ। ਇਨ੍ਹਾਂ ਦੇ ਮਿੱਤਰਾਂ ਦੀਆਂ ਪ੍ਰਾਰਥਨਾਵਾਂ ਤੇ ਅਰਦਾਸਾਂ ਕਰਨ 'ਤੇ ਸ਼ਿਵਜੀ ਤੇ ਪਾਰਵਤੀ ਨੇ ਸਵੀਕਾਰ ਕਰ ਲਿਆ ਕਿ ਦੋਸ਼ੀ ਇਕ ਮਹੀਨਾ ਮਨੁੱਖ ਅਤੇ ਇਕ ਮਹੀਨਾ ਇਸਤਰੀ ਰਿਹਾ ਕਰੇਗਾ। ਇਸ ਤਰ੍ਹਾਂ ਇਹ ਪ੍ਰਾਚੀਨ ਕਹਾਣੀ ਕਈ ਤਰ੍ਹਾਂ ਵਰਣਨ ਕੀਤੀ ਗਈ ਹੈ।[xxv]

ਇਲਾ ਦਾ ਲਿੰਗ ਬਦਲਾਅ (ਮਰਦ-ਔਰਤ) ਪੌਰਾਣਿਕ ਕਥਾ ਵਿੱਚ ਵਿਲੱਖਣ ਹੈ। ਹਿੰਦੂ ਮਿੱਥਾਂ ਅਨੁਸਾਰ ਲਿੰਗ ਲਚਕੀਲੇਪਣ ਦਾ ਪ੍ਰਤੀਕ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਲਿੰਗ ਇਕ ਸਿਰਫ਼ ਜੈਵਿਕ ਅਸਮਾਨਤਾ ਨਹੀਂ, ਬਲਕਿ ਧਾਰਮਿਕ ਅਤੇ ਪੌਰਾਣਿਕ

ਕਥਾਵਾਂ ਵਿੱਚ ਸਮਾਜਿਕ ਰੂਪ ਨਾਲ ਵੀ ਜੁੜਿਆ ਹੈ। ਇਲਾ ਦੀ ਕਥਾ ਲਿੰਗ ਸੰਬੰਧੀ ਸਮਾਜਿਕ ਵਿਚਾਰਾਂ ਨੂੰ ਸਾਹਮਣੇ ਲੈ ਕੇ ਆਉਂਦੀ ਹੈ।

**ਭੰਗਾਸ਼ਵਨ:-** ਭਾਰਤੀ ਮਿੱਥਾਂ ਵਿੱਚ ਲਿੰਗ ਦੀ ਪ੍ਰਤੀਕਾਤਮਿਕਤਾ ਹਮੇਸ਼ਾ ਵਿਲੱਖਣ ਅਤੇ ਬਹੁਆਯਾਮੀ ਰਹੀ ਹੈ। ਭੰਗਾਸ਼ਵਨ ਦੀ ਕਥਾ ਮਹਾਂਭਾਰਤ ਵਿੱਚ "ਯੁਧਿਸ਼ਟਰ ਤੇ ਭੀਸ਼ਮ" ਦੇ ਸੰਵਾਦ ਦੌਰਾਨ ਆਉਂਦੀ ਹੈ।[xxvi] ਇਹ ਉਹ ਰਾਜਾ ਸੀ ਜਿਸ ਨੇ ਇਕ ਸਮੇਂ ਪੁਰਸ਼ ਰੂਪ ਵਿੱਚ ਪੁੱਤਰ ਜੰਮੇ ਸਨ। ਪਰ ਬਾਅਦ ਵਿੱਚ ਇੰਦਰ ਦੇ ਸਰਾਪ ਕਾਰਨ ਇਸਤਰੀ ਰੂਪ ਵਿੱਚ ਆ ਗਿਆ ਅਤੇ ਫੇਰ ਔਰਤ ਦੀ ਤਰ੍ਹਾਂ ਬੱਚੇ ਵੀ ਜੰਮੇ ਸਨ। ਭੰਗਾਸ਼ਵਨ ਜੋ ਪੁਰਸ਼ ਵੀ ਸੀ ਤੇ ਮਾਂ ਵੀ ਸੀ। ਇਹ ਕਥਾ ਮਨੁੱਖੀ ਲਿੰਗ-ਪਰਿਵਰਤਨ, ਮਾਤਾ-ਪਿਤਾ ਦੇ ਅਨੁਭਵ ਅਤੇ ਜੈਂਡਰ ਦੇ ਲਚਕੀਲੇਪਣ ਬਾਰੇ ਇਕ ਗਹਿਰੇ ਦਾਰਸ਼ਨਿਕ ਰੂਪਕ ਨੂੰ ਪੇਸ਼ ਕਰਦੀ ਕਥਾ ਹੈ। ਇਹ ਕਹਾਣੀ ਸਿਰਫ਼ ਇਕ ਪੁਰਾਣੀ ਘਟਨਾ ਨਹੀਂ, ਸਗੋਂ ਆਧੁਨਿਕ ਅਕਾਦਮਿਕ ਸੰਸਾਰ ਵਿੱਚ ਜੈਂਡਰ ਫਲੂਡਿਟੀ, ਮਦਰਹੁੱਡ ਸਿੰਬਲਿਜ਼ਮ, ਇੰਮਪੈਥੀ, ਡਿਵਾਈਨ ਜਸਟਿਸ (Gender Fluidity, motherhood symbolism, empathy, divine justice) ਦੇ ਅਧਿਐਨ ਲਈ ਬਹੁਤ ਮਹੱਤਵ ਪੂਰਨ ਹੈ। ਭੰਗਾਸ਼ਵਨ ਦਾ ਪੁਰਸ਼ ਤੋਂ ਇਸਤਰੀ ਵਿੱਚ ਪਰਿਵਰਤਨ ਲਿੰਗ ਦੀ ਅਦਲੀ-ਬਦਲੀ (Gender transformation) ਨੂੰ ਪੇਸ਼ ਕਰਦਾ ਹੈ। ਜੋ ਭਾਰਤੀ ਮਿੱਥਾਂ ਵਿੱਚ ਕਈ ਰੂਪਾਂ ਵਿੱਚ ਮਿਲਦਾ ਹੈ। ਭਾਰਤੀ ਮਿੱਥਕ-ਸਾਹਿਤ ਵਿੱਚ ਜੈਂਡਰ ਦੀ ਸਮਝ ਕਿਸੇ ਸਥਿਰ ਜਾਂ ਦੋਹਰੀ ਰਚਨਾ ਤੱਕ ਸੀਮਤ ਨਹੀਂ ਰਹੀ। ਪੁਰਸ਼ ਅਤੇ ਇਸਤਰੀ ਨੂੰ ਵਿਰੋਧੀ ਤੱਤਾਂ ਵਜੋਂ ਨਹੀਂ, ਸਗੋਂ ਪੂਰਕ ਤੱਤਾਂ ਵਜੋਂ ਪੇਸ਼ ਕੀਤਾ ਗਿਆ ਹੈ।

ਰਾਜਾ ਭੰਗਾਸ਼ਵਨ ਇਕ ਧਾਰਮਿਕ ਅਤੇ ਨਿਆਯਪ੍ਰੇਮੀ ਰਾਜਾ ਸੀ। ਰਾਜਾ ਭੰਗਾਸ਼ਵਨ ਨੇ ਸੌ ਪੁੱਤਰਾਂ ਦੀ ਪ੍ਰਾਪਤੀ ਲਈ ਯੱਗ ਕੀਤਾ। ਪੁੱਤਰਾਂ ਦੀ ਪ੍ਰਾਪਤੀ ਤੋਂ ਬਾਅਦ ਰਾਜੇ ਨੇ ਇੰਦਰ ਨੂੰ ਕੋਈ ਭੇਂਟ ਪ੍ਰਦਾਨ ਨਹੀਂ ਕੀਤੀ। ਇਸ ਕਰਕੇ ਗੁੱਸੇ ਵਿੱਚ ਆ ਕੇ ਦੇਵਰਾਜ ਇੰਦਰ ਨੇ ਭੰਗਾਸ਼ਵਨ ਨੂੰ ਸਰਾਪ ਦੇ ਦਿੱਤਾ ਤੇ ਉਹ ਪੁਰਸ਼ ਤੋਂ ਔਰਤ ਬਣ ਗਿਆ। ਇਸਤਰੀ ਰੂਪ ਵਿੱਚ ਉਸ ਨੇ ਇਕ ਰਾਜੇ ਨਾਲ ਵਿਆਹ ਕੀਤਾ ਅਤੇ ਬੱਚਿਆਂ ਨੂੰ ਜਨਮ ਦਿੱਤਾ। ਇਸ ਤਰਾਂ ਉਸਦੇ ਦੌ ਵਾਰ ਸੌ-ਸੌ ਪੁੱਤਰ ਹੋ ਗਏ। ਸੌ ਪੁੱਤਰ ਉਸ ਨੂੰ ਪਿਤਾ ਕਹਿੰਦੇ ਤੇ ਸੌ ਪੁੱਤਰ ਉਸ ਨੂੰ ਮਾਤਾ ਕਹਿੰਦੇ ਸਨ।

ਜਦੋ ਇੰਦਰ ਉਸ ਨੂੰ ਆਪਣੇ ਬੱਚਿਆ ਨਾਲ ਖੁਸ਼ ਵੇਖਦਾ ਹੈ ਤਾਂ ਇੰਦਰ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਕਿ ਉਸ ਦੇ ਬੱਚੇ ਆਪਸ ਵਿੱਚ ਲੜ-ਲੜ ਕੇ ਆਪਣੇ ਆਪ ਨੂੰ ਸਮਾਪਤ ਕਰ ਲੈਣਗੇ। ਇਸ ਸਰਾਪ ਤੋਂ ਬਾਅਦ ਰਾਜੇ ਭੰਗਾਸ਼ਵਨ ਨੂੰ ਜਦੋਂ ਅਸਲੀਅਤ ਦਾ ਪਤਾ ਲੱਗਾ ਤਾਂ ਉਸਨੇ ਇੰਦਰ ਨੂੰ ਸਤੁੰਸ਼ਟ ਕਰਨ ਲਈ ਭੇਟ ਤਿਆਰ ਕੀਤੀ। ਆਪਣੇ ਬੱਚਿਆਂ ਨੂੰ ਮੁੜ-ਜੀਵਤ ਕਰਨ ਦੀ ਮਿੰਨਤ ਕੀਤੀ ਤਾਂ ਇੰਦਰ ਨੇ ਕਿਹਾ ਕਿ ਮੈਂ ਤੇਰੇ ਇਕ ਗੁੱਟ ਦੇ ਬੱਚਿਆਂ ਨੂੰ ਮੁੜ ਜੀਵਤ ਕਰ ਸਕਦਾ ਹਾਂ। ਤੁਸੀ ਦੱਸੋ ਮਾਤਾ ਕਹਿਣ ਵਾਲਿਆਂ ਨੂੰ ਕਰਾਂ ਜਾਂ ਪਿਤਾ ਕਹਿਣ ਵਾਲਿਆ ਨੂੰ ਕਰਾਂ ਤਾਂ ਰਾਜਾ ਭੰਗਾਸ਼ਵਨ ਨੇ ਕਿਹਾ ਮਾਤਾ ਕਹਿਣ ਵਾਲਿਆ ਨੂੰ ਜੀਵਿਤ ਕਰ ਦੇਵੋ। ਕਿਉਂਕਿ ਮਾਂ ਨੂੰ ਬੱਚੇ ਪਿਤਾ ਨਾਲੋਂ ਜ਼ਿਆਦਾ ਪਿਆਰ ਕਰਦੇ ਹਨ। ਉਦੋਂ ਇੰਦਰ ਨੇ ਪੁੱਛਿਆ ਕਿ ਤੁਸੀਂ ਕਿ ਬਣ ਕੇ ਜੀਣਾ ਪਸੰਦ ਕਰੋਗੇ। ਤਾਂ ਭੰਗਾਸ਼ਵਨ ਨੇ ਕਿਹਾ ਕਿ ਔਰਤ ਬਣ ਕੇ। ਇਸ ਤਰ੍ਹਾਂ ਇੰਦਰ ਨੇ ਇਹ ਸੁਣ ਕੇ ਖੁਸ਼ ਹੋ ਕੇ ਸਾਰੇ ਬੱਚੇ ਠੀਕ ਕਰ ਦਿੱਤੇ।

ਸੋ ਵੱਖ-ਵੱਖ ਖੋਜਾਂ, ਲਿਖਤਾਂ ਤੇ ਹੋਰ ਸਹਾਇਕ ਸਮੱਗਰੀ ਰਾਹੀ ਭਾਰਤੀ ਮਿਥਿਹਾਸਕ ਪਾਤਰਾਂ ਦੀਆਂ ਮਿੱਥਾਂ ਦੇ ਅਧਿਐਨ ਤੋਂ ਪਾਤਰਾਂ ਵਿੱਚ ਵਾਪਰਦੀਆਂ ਲਿੰਗ-ਤਬਦੀਲੀਆਂ (Gender Modifications) ਦੀ ਸਥਿਤੀ ਬਾਰੇ ਵਾਸਤਵਿਕਤਾ ਦਾ ਸਾਰ-ਤੱਤ ਹੈ। ਲਿੰਗ-ਤਬਦੀਲੀਆਂ ਨੂੰ ਕੁਈਰ ਸਿਧਾਂਤ ਦੀਆਂ ਵੰਨ-ਸੁਵੰਨੀਆਂ ਲਿੰਗ-ਪਛਾਣਾਂ ਦੇ ਸਨਮੁਖ ਰੱਖ ਕੇ ਵਿਚਾਰਦੇ ਹੋਏ, ਆਧੁਨਿਕ ਕੁਈਰ ਸਿਧਾਂਤ ਦੀ ਲਿੰਗਕ-ਪ੍ਰਣਾਲੀ ਜਾਂ ਵਿਵਸਥਾ ਅਨੁਸਾਰ ਲਿੰਗਕ ਪਛਾਣਾਂ ਦੇ ਰੂਪ ਤੇ ਸਰੂਪ ਸਾਹਮਣੇ ਆਉਂਦੇ ਹਨ। ਪਾਤਰ ਸ਼ਿਖੰਡੀ ਦੀ ਲਿੰਗ-ਤਰਲਤਾ (Gender Fluidity) ਬਾਰੇ ਵੇਖਦੇ ਹਾਂ ਕਿ ਕਿਸ ਤਰ੍ਹਾਂ ਇਕ ਯਕਸ਼ ਨੇ ਆਪਣਾ ਪੁਰਸ਼ਤਵ ਸ਼ਿਖੰਡੀ ਨੂੰ ਦੇ ਕੇ ਸ਼ਿਖੰਡੀ ਦਾ ਇਸਤਰੀਤਵ ਖੁਦ ਧਾਰਨ ਕਰ ਲਿਆ। ਇਹ ਪ੍ਰਕਿਰਿਆ ਇਕ ਤਰ੍ਹਾਂ ਦੇ ਨਾਲ ਆਧੁਨਿਕ ਕੁਈਰ ਸਿਧਾਂਤ ਦੇ ਟ੍ਰਾਸਮੈਨ ਅਤੇ ਟ੍ਰਾਸਵੁਮੈਨ (Transman and Transwoman) ਲਿੰਗਕ-ਪਛਾਣ ਨਾਲ ਮੇਲ ਖਾਂਦੀ ਹੈ, ਜਿਸ ਵਿੱਚ ਕਿ ਆਧੁਨਿਕ ਮੈਡੀਕਲ ਸਹਾਇਤਾ ਨਾਲ ਲਿੰਗ-ਤਬਦੀਲੀ ਵਾਪਰਦੀ ਹੈ ਅਤੇ ਇਕ ਇਸਤਰੀ ਅਤੇ ਪੁਰਸ਼ ਆਪਣੇ ਆਪ ਨੂੰ ਕ੍ਰਮਵਾਰ ਪੁਰਸ਼ ਅਤੇ ਇਸਤਰੀ ਵਿੱਚ ਤਬਦੀਲ ਕਰ ਲੈਂਦੇ ਹਨ। ਅਰਜੁਨ ਦਾ ਬ੍ਰਿਹੰਨਲਾ(ਟ੍ਰਾਂਸਜੈਂਡਰ) ਦੇ ਰੂਪ ਵਿੱਚ ਅਤੇ ਫਿਰ ਬ੍ਰਿਹੰਨਲਾ (ਟ੍ਰਾਂਸਜੈਂਡਰ) ਤੋਂ ਅਰਜੁਨ ਵਿੱਚ ਤਬਦੀਲ ਹੋਣਾ ਦੁਲਿੰਗੀ-ਵਿਰੋਧਤਾ (Binary Opposition) ਦੇ ਸਿਧਾਂਤ ਤੋਂ ਅੱਗੇ ਦੀ ਪਰਿਕਲਪਨਾ ਪੇਸ਼ ਕਰਦਾ ਹੈ। ਜਿੱਥੇ

ਮਰਦਾਨਗੀ/ਮਰਦਾਉਪੁਣਾ ਸਿਰਫ ਇਕ ਪੁਰਸ਼ ਦੇ ਪ੍ਰਤੀਕ ਵਿੱਚ ਪੇਸ਼ ਨਾ ਹੋ ਕੇ ਤੀਜੇ ਲਿੰਗ ਜਾਂ ਟ੍ਰਾਂਸਜੈਂਡਰ ਦੇ ਰੂਪ ਵਿੱਚ ਉਭਾਰਿਆ ਗਿਆ ਹੈ। ਇਹ ਦੁਲਿੰਗੀ-ਵਿਰੋਧਤਾ(Binary Opposition) ਦੇ ਮੌਜੂਦਾ ਢਾਂਚੇ ਨੂੰ ਖਾਰਜ ਕਰਦਾ ਹੋਇਆ ਲਿੰਗ-ਤਰਲਤਾ(Gender Fluidity) ਹਾਮੀ ਭਰਦਾ ਹੈ। ਕ੍ਰਿਸ਼ਨ ਵਿਸ਼ਨੂੰ ਦਾ ਹੀ ਅਵਤਾਰ ਹੈ। ਉਸ ਦੇ ਆਪਣੇ ਪੁਲਿੰਗ ਤੋਂ ਇਸਤਰੀ ਲਿੰਗ (ਮੋਹਿਨੀ) ਵਿੱਚ ਤਬਦੀਲ ਹੋਣਾ ਵੀ, ਦੁਲਿੰਗੀ-ਵਿਰੋਧਤਾ(Binary Opposition) ਨੂੰ ਖਾਰਜ ਕਰਦਾ ਹੋਇਆ ਲਿੰਗ-ਤਰਲਤਾ(Gender Fluidity) ਦੇ ਸਿਧਾਂਤ ਦਾ ਧਾਰਨੀ ਹੋ ਨਿਬੜਦਾ ਹੈ। ਜਿੱਥੇ ਇਕ ਇਨਸਾਨ ਨੂੰ ਆਪਣੀ ਲਿੰਗਕ ਪਛਾਣ ਖ਼ੁਦ ਨਿਰਧਾਰਤ ਕਰਨ ਜਾਂ ਚੋਣ ਕਰਨ ਦੀ ਅਜ਼ਾਦੀ ਦਿੰਦਾ ਹੈ। ਸ਼ਿਵ ਦਾ ਅਰਧ-ਨਾਰੇਸ਼ਵਰ ਰੂਪ ਵੀ ਦੁਲਿੰਗੀ-ਵਿਰੋਧਤਾ(Binary Opposition) ਦੀ ਵਿਰੋਧਤਾ ਨੂੰ ਖ਼ਤਮ ਕਰਦਿਆਂ, ਇਸ ਦੇ ਏਕੀਕ੍ਰਿਤ ਹੋਣ ਜਾਂ ਇਕ-ਦੂਜੇ ਦੇ ਪੂਰਕ ਹੋਣ ਦੀ ਹਾਮੀ ਭਰਦਾ ਹੈ। ਇਹ ਲਿੰਗ ਚੋਣ ਦੀ ਅਜ਼ਾਦੀ ਅਤੇ ਖੁੱਲੇਪਣ ਦੇ ਸਿਧਾਂਤ ਸਮਰੂਪ ਹੈ। ਇਹ ਸੈਜਵਿਕ ਦੇ ਲਿੰਗ-ਤਰਲਤਾ(Gender Fluidity) ਦੇ ਸਿਧਾਂਤ ਦੇ ਸਮਰੂਪ ਹੈ। ਜਿੱਥੇ ਇਕ ਇਨਸਾਨ ਦੀ ਲਿੰਗਕ-ਪਛਾਣ ਉਸਦੀ ਇੱਛਾ ਅਤੇ ਕਾਮੁਕ ਮਨੋਸਥਿਤੀਆਂ ਅਨੁਸਾਰ ਸਮੇਂ-ਸਮੇਂ ਤਬਦੀਲ ਹੋ ਸਕਦੀ ਹੈ। ਇਸੇ ਤਰ੍ਹਾ ਹੀ ਰਾਜਾ ਭੰਗਾਸ਼ਵਨ ਦਾ ਇਕ ਇਸਤਰੀ ਰੂਪ ਵਿੱਚ ਅਤੇ ਫਿਰ ਪੁਰਸ਼ ਰੂਪ ਵਿੱਚ ਤਬਦੀਲ ਹੋ ਕੇ ਸੰਤਾਨ ਨੂੰ ਜਨਮ ਦੇ ਉਸ ਦਾ ਪਾਲਣ-ਪੋਸ਼ਣ ਕਰਨਾ, ਇਡਾ ਜਾਂ ਇਲਾ ਦਾ ਇਸਤਰੀ ਰੂਪ ਵਿੱਚ, ਫਿਰ ਪੁਰਸ਼ ਵਿੱਚ, ਫਿਰ ਇਸਤਰੀ ਵਿੱਚ ਵਾਰ-ਵਾਰ ਇਸ ਤਰ੍ਹਾਂ ਲਿੰਗਕ-ਤਬਦੀਲੀ ਹੋਣਾ, ਸ੍ਰੀ ਕ੍ਰਿਸ਼ਨ ਦਾ ਇਰਾਵਨ ਦੇ ਲਈ ਮੋਹਿਨੀ ਦਾ ਰੂਪ ਧਾਰਨ ਕਰ ਉਸਦੀ ਪਤਨੀ ਬਣ ਜਾਣਾ ... ਇਹ ਸਾਰੀਆਂ ਮਿੱਥਾਂ ਦਾ ਸੰਬੰਧ ਆਧੁਨਿਕ ਕੁਈਰ ਸਿਧਾਂਤ ਦੀਆਂ ਟ੍ਰਾਸਮੈਨ, ਟ੍ਰਾਸਵੁਮੈਨ (Transman and Transwoman) ... ਲਿੰਗਕ-ਪਛਾਣਾਂ ਨਾਲ ਜਾ ਮਿਲਦਾ ਹੈ। ਇਹ ਮਿੱਥਾਂ ਸੈਜਵਿਕ ਦੇ ਲਿੰਗ-ਤਰਲਤਾ (Gender Fluidity) ਅਤੇ ਬਟਲਰ ਦੇ ਲਿੰਗਕ-ਪ੍ਰਦਰਸ਼ਨ (Gender Performativity) ਦੇ ਸਿਧਾਂਤ ਅਨੁਸਾਰ ਵੰਨ-ਸੁਵੰਨੀਆਂ ਕੁਈਰ ਹੋਂਦ ਦੇ ਸਮਰੂਪ ਪ੍ਰਸਤੁਤ ਹੁੰਦੀਆਂ ਹਨ। ਇਹ ਮਿੱਥਾਂ ਮਿਸ਼ੈਲ ਫੂਕੋ ਦੇ 'ਲਿੰਗ ਇਕ ਸਮਾਜਿਕ ਵਰਤਾਰਾ' (Gender is a social phenomenon) ਦੇ ਰੂਪ ਵਿੱਚ ਪੇਸ਼ ਹੁੰਦੀਆਂ ਹਨ, ਜਿਵੇਂ ਕਿ ਇਹ ਮਿਥਿਹਾਸਕ ਸਮੇਂ ਦੇ ਸਮਾਜ ਵਿੱਚ ਲਿੰਗਕ-ਤਰਲਤਾ ਅਨੁਸਾਰ ਵਿੱਚਰਦੇ ਸਨ ਅਤੇ ਇਨ੍ਹਾਂ ਵਿੱਚ ਮੌਜੂਦਾ ਸੰਕਰੀਨਤਾ ਨਹੀਂ ਸੀ।

ਲਿੰਗਕ ਪਛਾਣ ਇਕ ਸਮਾਜਿਕ ਚੋਣ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ। ਸੋ ਇਸ ਤਰ੍ਹਾਂ ਇਨ੍ਹਾਂ ਮਿਥਿਹਾਸਕ ਪਾਤਰਾਂ ਦੀਆਂ ਮਿੱਥਾਂ ਦੇ ਅਧਿਐਨ ਤੋਂ ਬਾਅਦ ਇਹ ਆਧੁਨਿਕ ਕੁਈਰ ਸਿਧਾਂਤ ਦੀਆਂ ਵੱਖ-ਵੱਖ ਵੰਨ-ਸੁਵੰਨੀਆਂ ਪਛਾਣਾਂ ਵਰਗੇ ਹੀ ਪ੍ਰਸਤੁਤ ਹੁੰਦੇ ਹਨ। ਭਾਵੇਂ ਕਿ ਭਾਰਤੀ ਮਿਥਿਹਾਸ ਵਿੱਚ ਇਨ੍ਹਾਂ ਸਭ ਪਾਤਰਾਂ ਅਤੇ ਮਿੱਥਾਂ ਵਿੱਚ ਲਿੰਗਕ-ਤਬਦੀਲੀ ਅਧਿਆਤਮਿਕ ਪੱਧਰ 'ਤੇ ਦੈਵਿਕ ਵਿਧਾਨ ਦੁਆਰਾ ਹੁੰਦੀ ਹੈ। ਪਰ ਜਦੋਂ ਅਸੀਂ ਇਸ ਨੂੰ ਆਧੁਨਿਕ ਕੁਈਰ ਸਿਧਾਂਤ ਦੇ ਢਾਂਚੇ ਵਿੱਚ ਰੱਖ ਕੇ ਅਧਿਐਨ ਕਰਦੇ ਹਾਂ ਤਾਂ ਇਹ ਕੁਈਰ ਸਿਧਾਂਤ ਦੀਆਂ ਵੱਖ-ਵੱਖ ਧਾਰਨਾਵਾਂ ਦੇ ਸਮਰੂਪ ਹੋ ਨਿਬੜਦਾ ਹੈ।ਭਾਵੇਂ ਕਿ ਭਾਰਤੀ ਮਿਥਿਹਾਸ ਵਿੱਚ ਇਨ੍ਹਾਂ ਸਭ ਪਾਤਰਾਂ ਅਤੇ ਮਿੱਥਾਂ ਵਿੱਚ ਲਿੰਗਕ-ਤਬਦੀਲੀ ਅਧਿਆਤਮਿਕ ਪੱਧਰ 'ਤੇ ਦੈਵਿਕ ਵਿਧਾਨ ਦੁਆਰਾ ਹੁੰਦੀ ਹੈ। ਪਰ ਜਦੋਂ ਅਸੀਂ ਇਸ ਨੂੰ ਆਧੁਨਿਕ ਕੁਈਰ ਸਿਧਾਂਤ ਦੇ ਢਾਂਚੇ ਵਿੱਚ ਰੱਖ ਕੇ ਅਧਿਐਨ ਕਰਦੇ ਹਾਂ ਤਾਂ ਇਹ ਕੁਈਰ ਸਿਧਾਂਤ ਦੀਆਂ ਵੱਖ-ਵੱਖ ਧਾਰਨਾਵਾਂ ਦੇ ਸਮਰੂਪ ਹੋ ਨਿਬੜਦਾ ਹੈ। ਭਾਵੇਂ ਕਿ ਭਾਰਤੀ ਮਿਥਿਹਾਸ ਵਿੱਚ ਇਨ੍ਹਾਂ ਸਭ ਪਾਤਰਾਂ ਅਤੇ ਮਿੱਥਾਂ ਵਿੱਚ ਲਿੰਗਕ-ਤਬਦੀਲੀ ਅਧਿਆਤਮਿਕ ਪੱਧਰ 'ਤੇ ਦੈਵਿਕ ਵਿਧਾਨ ਦੁਆਰਾ ਹੁੰਦੀ ਹੈ। ਪਰ ਜਦੋਂ ਅਸੀਂ ਇਸ ਨੂੰ ਆਧੁਨਿਕ ਕੁਈਰ ਸਿਧਾਂਤ ਦੇ ਢਾਂਚੇ ਵਿੱਚ ਰੱਖ ਕੇ ਅਧਿਐਨ ਕਰਦੇ ਹਾਂ ਤਾਂ ਇਹ ਕੁਈਰ ਸਿਧਾਂਤ ਦੀਆਂ ਵੱਖ-ਵੱਖ ਧਾਰਨਾਵਾਂ ਦੇ ਸਮਰੂਪ ਹੋ ਨਿਬੜਦਾ ਹੈ।

ਸੋ ਭਾਰਤੀ ਲੋਕ ਕਥਾਵਾਂ ਤੇ ਮਿੱਥਕ ਕਥਾਵਾਂ ਵਿੱਚ ਤੀਜੇ ਜੈਂਡਰ ਅਤੇ ਸਮਲਿੰਗੀਆਂ ਦਾ ਉਲੇਖ ਵਿਸ਼ੇਸ਼ ਰੂਪ ਵਿੱਚ ਮਿਲਦਾ ਹੈ। ਇਨ੍ਹਾਂ ਦਾ ਉਸਾਰਿਆ ਚਰਿੱਤਰ ਨਿਰਮਾਣ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਸ ਸਮੇਂ ਵੀ ਤੀਜੇ ਜੈਂਡਰ ਦੀ ਮਾਨਤਾ ਸੀ। ਲੋਕ ਇਨ੍ਹਾਂ ਦਾ ਸਤਿਕਾਰ ਕਰਦੇ ਸਨ। ਅਸਲ ਵਿੱਚ ਇਹ ਕੋਈ ਗੈਰ-ਮਨੁੱਖੀ ਪ੍ਰਾਣੀ ਨਹੀਂ ਸਗੋਂ ਇਕ ਆਮ ਮਨੁੱਖ ਹੀ ਸਨ। ਇਨ੍ਹਾਂ ਦੀ ਪ੍ਰਤਿਭਾ ਤੇ ਕਲਾਵਾਂ ਦੀ ਪਛਾਣ ਕਰ ਕੇ ਸਮਾਜ ਵਿੱਚ ਇਨ੍ਹਾਂ ਨੂੰ ਅਹੁਦਾ ਜਾਂ ਰੁਤਬਾ ਦਿੱਤਾ ਜਾਂਦਾ ਸੀ। ਪਰ ਅਜੋਕੇ ਸਮੇਂ ਵਿੱਚ ਪਿਛਲੇਰੇ ਸਮੇਂ ਨਾਲੋਂ ਸਮਾਜਿਕ ਭਿੰਨਤਾਵਾਂ ਵੱਧਣ ਨਾਲ ਸਥਿਤੀਆਂ ਵਿੱਚ ਫਰਕ ਨਜ਼ਰ ਆ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ

---

[i]. Kees W. Bolle, "Myth: An Overview," in *The Encyclopedia of Religion*, ed. Mircea Eliade, vol. 10 (New York: Macmillan, 1987), Page 261.

- "The English word Myth comes from the Greek muthos ("word" or "speech")."

[ii]. As quoted in D. K. Lal, *Myth and Mythical Concept in O'Neill's Plays* (New Delhi: Atlantic Publishers & Distributors, 1998), Page 2.

- "He regards myth as a large controlling image that gives philosophical meaning to the facts of ordinary life; that it is, which has organizing value for experience. A mythology is more or less an extimulated body of such images, a pantheon."

[iii]. Michael Hollington, "Myth," in *A Dictionary of Modern Critical Terms*, ed. Roger Fowler (London: Routledge & Kegan Paul, 1973), 119.

- "'Myth' and 'Mythical' have long been commonly used in contexts opposing them to 'truth' or 'reality', a situation that is now considerably altered, in literary criticism at least for one of two lessons either because the truth content of insights of myth is considered problematic."

[iv]. ਗੁਰਚਰਨ ਸਿੰਘ, "ਹਰਿਭਜਨ ਸਿੰਘ ਨਾਲ ਇਕ ਕਲਪਿਤ ਸੰਵਾਦ," *ਵਿਹਾਰਕੀ*, ਸੰਪਾ. ਤਰਲੋਕ ਸਿੰਘ ਕੰਵਰ (ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ), ਪੰਨਾ 98.

[v]. ਉਹੀ, ਪੰਨਾ 98.

[vi]. John B. Vickery, "Introduction," in *Myth and Literature: Contemporary Theory and Practice*, ed. John B. Vickery (Lincoln: University of Nebraska Press, 1966), ix.

- "... Myth forms the matrix out of which literature emerges both historically and psychologically. As a result, literary plot, characters, themes and images are basically complications and displacements of similar elements in myths ..."

Myth and Literature - Google Books, 30/10/2025, Thursday 8.21 AM

[vii]. Ruth Vanita and Saleem Kidwai, Preface to *Same-Sex Love in India: A Literary History*, ed. Ruth Vanita and Saleem Kidwai (New York: Palgrave Macmillan, 2000), xiii.

viii. *Yoga Vāsiṣṭha*, Nirvāṇa-prakaraṇa 2.5–6; cf. Swami Venkatesananda, trans., *The Concise Yoga Vāsiṣṭha* (Albany: State University of New York Press, 1984), 112.

ix. Ādi Śaṅkara, *Vivekacūḍāmaṇi*, verse 380, in *Vivekacūḍāmaṇi of Śrī Śaṅkarācārya (The Crest-Jewel of Discrimination)*, trans. Swami Madhavananda (Kolkata: Advaita Ashrama, 1921), 142.

x. नवलजी, संपादक. *नालंदा विशाल शब्द सागर*. नालंदा पब्लिकेशन्स, पृ .235.

xi. *महाभारत* (तृतीय खण्ड(, सानुवाद) गोरखपुर :गीताप्रेस(, पृ .१२०३–१२१२.

xii. *महाभारत* (तृतीय खण्ड(, सानुवाद) गोरखपुर :गीताप्रेस(, पृ .१८३.

xiii. ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਅਨੁ. ਰਾਜਿੰਦਰ ਸਿੰਘ ਸ਼ਾਸਤਰੀ (ਪਟਿਆਲਾ: ਭਾਸ਼ਾ ਵਿਭਾਗ, ਪੰਜਾਬ), 80.

xiv. *महाभारत* (प्रथम खण्ड(, सानुवाद) गोरखपुर :गीताप्रेस(, पृ .१४८१–१४८६.

xv. *महाभारत* (तृतीय खण्ड(, सानुवाद) गोरखपुर :गीताप्रेस(, पृ .१७१२.

xvi. देवदत्त पटनायक, *धर्म और समलैंगिकता* (नई दिल्ली :राजकमल प्रकाशन(, पृ .51–52.

xvii. *महाभारत* (द्वितीय खण्ड(, सानुवाद) गोरखपुर :गीताप्रेस(, पृ .३४४–३५३.

xviii. ਕਲੀਵ - ਪੰਜਾਬੀ ਪੀਡੀਆ , 31/10/2025, Thursday 12.19 AM

xix. *महाभारत* (द्वितीय खण्ड(, सानुवाद) गोरखपुर :गीताप्रेस(, पृ .२१८५–२१८९.

xx. देवदत्त पटनायक, शिखण्डी और कुछ अनसुनी कहानियाँ, अनु. रमेश कपूर (नई दिल्ली: राजकमल प्रकाशन), पृ. 174–177.

xxi. ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਅਨੁ. ਰਾਜਿੰਦਰ ਸਿੰਘ ਸ਼ਾਸਤਰੀ (ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1974), 55.

xxii. ਡਾ. ਅਜਾਇਬ ਕਮਲ, *ਸੰਭੋਗ ਫ਼ਿਲਾਸਫ਼ੀ* (ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ), ਪੰਨਾ 48.

xxiii. ਆਚਾਰੀਆ ਵਾਤਸਯਾਇਨ, *ਕਾਮਸੂਤਰ* (ਦਿੱਲੀ: ਨੈਸ਼ਨਲ ਬੁੱਕ ਸ਼ਾਪ), ਪੰਨਾ 46.

xxiv. देवदत्त पटनायक, *शिखण्डी और कुछ अनसुनी कहानियाँ*, अनु .रमेश कपूर) नई दिल्ली :राजकमल प्रकाशन(, पृ.134.

xxv. ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਅਨੁ. ਰਾਜਿੰਦਰ ਸਿੰਘ ਸ਼ਾਸਤਰੀ (ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1974), ਪੰਨੇ 72–73.

xxvi. *महाभारत* (षष्ठ खण्ड(, सानुवाद) गोरखपुर :गीताप्रेस(, पृ .१२८–१३४.